ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾਂ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778





## ਇਕੁਆਡੋਰ ਨੂੰ ਖਾਲਿਸਤਾਨ ਅੰਬੈਸੀ ਬੰਦ ਕਰਨ ਲਈ ਭਾਰਤ ਨੇ 39 ਮਿਲੀਅਨ ਡਾਲਰ ਦਿੱਤੇ - ਖਾਲਿਸਤਾਨ ਜਲਾਵਤਨ ਸਰਕਾਰ

# ਇੰਦਰਾ ਗਾਂਧੀ ਨੇ ਪੰਜਾਬ ਤੋਂ ਐਮਰਜੈਂਸੀ ਦੇ ਵਿਰੋਧ ਦਾ ਬਦਲਾ ਲਿਆ, ਆਰ ਐਸ ਐਸ ਪੁਰਾਤਨ ਸਿੱਖ ਇਤਿਹਾਸ ਨੂੰ ਖਤਮ ਕਰਨ ਤੇ ਤੁਲੀ

**ਜਰਮਨ, 11 ਅਪ੍ਰੈਲ (ਸਰਬਜੀਤ ਸਿੰਘ ਬਨੂੜ)**-ਖਾਲਿਸਤਾਨ ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਸ: ਗੁਰਮੇਜ ਸਿੰਘ ਗਿੱਲ ਅਤੇ ਉਹਨਾਂ ਦੇ ਸਹਿਯੋਗੀਆਂ, ਜਥੇਦਾਰ ਬਲਬੀਰ ਸਿੰਘ ਯੂ ਕੇ, ਜਥੇਦਾਰ ਸੁਬੇਗ ਸਿੰਘ ਡੈਨਮਾਰਕ, ਜਥੇਦਾਰ ਸਤਨਾਮ ਸਿੰਘ ਅਤੇ ਜਥੇਦਾਰ ਰੇਸ਼ਮ ਸਿੰਘ ਬੱਬਰ ਜਰਮਨੀ ਨੇ ਇੱਕ ਸਾਂਝੇ ਬਿਆਨ ਵਿੱਚ ਵਿਸਾਖੀ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆ ਕਿਹਾ ਕਿ ਭਾਰਤ ਸਰਕਾਰ ਨੇ ਇਕੁਆਡੋਰ ਵਿੱਚ ਜਲਾਵਤਨ ਸਰਕਾਰ ਵੱਲੋਂ ਖੋਲੀ ਖਾਲਿਸਤਾਨ ਅੰਬੈਸੀ ਨੂੰ ਬੰਦ ਕਰਨ ਲਈ ਇਕੁਆਡੋਰ ਸਰਕਾਰ ਨੂੰ 39 ਮਿਲੀਅਨ ਡਾਲਰ ਦੀ ਵਿੱਤੀ ਸਹਾਇਤਾ ਦਿੱਤੀ ਗਈ ਸੀ ਤਾਂ ਜੋ ਵਿਦੇਸ਼ਾਂ ਵਿੱਚ ਨਵੀਆਂ ਖੁੱਲ ਰਹੀਆਂ ਖਾਲਿਸਤਾਨ ਅੰਬੈਸੀਆਂ ਦੇ ਪ੍ਰਚਾਰ ਪ੍ਰਸਾਰ ਨੂੰ ਰੋਕਿਆ ਜਾ ਸਕੇ।

ਜਲਾਵਤਨ ਆਗੂਆਂ ਨੇ ਕਿਹਾ 1699 ਦੀ ਵੈਸਾਖੀ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਕ ਸੰਪੂਰਨ ਮਨੁੱਖ ਖ਼ਾਲਸਾ ਦੇ ਰੂਪ ਵਿੱਚ ਪ੍ਰਗਟ ਕੀਤਾ ਤੇ ਪਰਉਪਕਾਰੀ, ਔਗੁਣਾਂ ਤੋਂ ਰਹਿਤ, ਸਭ ਦਾ ਭਲਾ ਕਰਨ ਵਾਲਾ, ਨਾਮ, ਬਾਣੀ ਤੇ ਧਰਮ ਦੀ ਕਿਰਤ ਕਰਨ ਲਈ ਆਖ ਦੁਨੀਆਂ ਦੀਆਂ ਬਹਾਦਰ ਕੌਮਾਂ ਵਿੱਚੋਂ ਇਕ ਬਣਾ ਦਿੱਤਾ ਗਿਆ ਜਲਾਵਤਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਈ ਜੀਵਨ ਸਿੰਘ



ਹੋਰਾਂ ਦੀ ਪ੍ਰੇਰਨਾ ਸਦਕਾ ਕੈਨੇਡਾ ਵਿਖੇ ਪੰਜ ਸਿੰਘਾਂ ਭਾਈ ਗੁਰਮੇਜ ਸਿੰਘ ਬੱਬਰ, ਭਾਈ ਤਲਵਿੰਦਰ ਸਿੰਘ ਬੱਬਰ, ਭਾਈ ਅਜੈਬ ਸਿੰਘ ਬਾਗੜੀ, ਭਾਈ ਬਖਸ਼ੀਸ਼ ਸਿੰਘ, ਭਾਈ ਬਲਵੀਰ ਸਿੰਘ ਡੁਮੇਲੀ ਨੇ ਭਾਈ ਤਲਵਿੰਦਰ ਸਿੰਘ ਨੂੰ ਪੰਜਾਬ ਭੇਜ ਨੌਜਵਾਨਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਨ, ਅੰਮ੍ਰਿਤ ਛਕਾਉਣਾ ਦਾ ਕੰਮ ਸੌਂਪਿਆ ਗਿਆ ਸੀ ਅਤੇ ਦੂਜੇ ਪਾਸੇ ਇੰਦਰਾ ਗਾਂਧੀ ਸਿੱਖ ਕੌਮ ਤੋਂ ਐਮਰਜੈਂਸੀ ਵੇਲੇ ਦਾ ਬਦਲਾ ਲੈਣਾ ਚਾਹੁੰਦੀ ਸੀ, ਕਿਉਂਕਿ ਸੰਤ ਲੌਂਗੋਵਾਲ ਦੀ ਅਗਵਾਈ ਵਿੱਚ ਸਿੱਖ ਕੌਮ ਨੇ ਇੰਦਰਾ ਗਾਂਧੀ ਦੀ ਐਮਰਜੈਂਸੀ ਦਾ ਡੱਟ ਕੇ ਵਿਰੋਧ ਕੀਤਾ ਗਿਆ ਸੀ। ਜਲਾਵਤਨ ਸਰਕਾਰ ਨੇ ਮਈ 1984 ਨੂੰ ਬਰਮਿੰਘਮ, ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਇਕੱਤਰਤਾ ਬੁਲਾ ਕੇ ਦੋ ਮਤੇ ਪਾਸ ਕੀਤੇ ਗਏ ਜਿਸ ਵਿੱਚ

ਭਾਰਤ ਦੇਸ਼ ਵਿੱਚ ਆਪਣੀ ਹੋਂਦ ਨੂੰ ਬਚਾਉਣ ਵਾਸਤੇ ਖ਼ਾਲਸਾ ਰਾਜ, ਖਾਲਿਸਤਾਨ ਹੀ ਹੱਲ ਹੈ ਅਤੇ

ਏਅਰ ਇੰਡੀਆ ਦਾ ਬਾਈਕਾਟ ਕਰਨ ਲਈ ਕਿਹਾ ਗਿਆ ਸੀ ਜਿਸ ਤੇ ਜਾਗਦੀ ਜ਼ਮੀਰ ਵਾਲੇ ਸਿੱਖ ਅੱਜ ਵੀ ਡੱਟ ਕੇ ਪਹਿਰਾ ਦੇ ਰਹੇ ਹਨ। ਜਲਾਵਤਨ ਸਰਕਾਰ ਨੇ ਕਿਹਾ ਕਿ ਸਾਡੀ ਹੋਂਦ, ਸਾਡੀ ਚੜ੍ਹਦੀ ਕਲਾ, ਸਾਡਾ ਸਤਿਕਾਰ, ਸਾਡਾ ਕਿਰਦਾਰ ਦਾ ਸੋਮਾਂ ਗੁਰੂ ਗ੍ਰੰਥ ਸਾਹਿਬ ਜੀ ਹਨ ਤੇ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਤੋੜਨ ਵਾਸਤੇ ਹਰ ਸਰਕਾਰ ਨੇ ਕੋਸ਼ਿਸ਼ ਕੀਤੀ ਪਰ ਅਸੀਂ ਟੁੱਟ ਨਹੀਂ ਸਕੇ। ਗੁਰਬਾਣੀ ਸਾਨੂੰ ਬੀਰ ਰਸ ਤੇ ਨਾਮ ਰਸ ਦਾ ਅਤੁੱਟ ਖਜਾਨਾ ਗੁਰੂ ਸਾਹਿਬ ਜੀ ਨੇ ਬਖ਼ਿਸ਼ਆ ਹੈ, ਉਸ ਸਾਂਭ ਕੇ ਰੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਤੇ ਚਾਰੇ ਪਾਸਿਆਂ ਤੋਂ ਹਮਲੇ ਹੋ ਰਹੇ ਹਨ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ, ਕਾਲਜਾਂ, ਸਕੂਲਾਂ ਵਿੱਚ ਆਰ ਐਸ ਐਸ ਦੇ ਕਰਿੰਦੇ ਸਰਕਾਰ ਨੇ ਫਿੱਟ ਕਰ ਦਿੱਤੇ ਹਨ ਜਿਨ੍ਹਾਂ ਤੋਂ ਸਾਡੇ ਸੁਨਹਿਰੀ ਇਤਿਹਾਸ ਨੂੰ ਖ਼ਤਮ ਕਰਵਾ ਕੇ ਨਵਾਂ ਇਤਿਹਾਸ ਲਿਖਾਇਆ ਜਾ ਰਿਹਾ ਹੈ ਤੇ 50 ਸਾਲ ਬਾਅਦ ਨਵੀਂ ਪੀੜ੍ਹੀ ਵਾਸਤੇ ਇਕ ਨਵਾਂ ਇਤਿਹਾਸ ਮਿਲੇਗਾ ਜੋ ਸਾਡੇ ਪੁਰਾਤਨ ਇਤਿਹਾਸ ਤੋਂ ਉਲਟ ਹੋਵੇਗਾ ਜਿਸ ਨੂੰ ਰੋਕਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਖ਼ਾਲਸੇ ਦਾ ਹੋਲਾ ਮਹੱਲਾ ਇਕ ਬਹਾਦਰੀ ਦਾ ਪ੍ਰਤੀਕ ਹੈ, ਜਿਥੇ ਗੁਰਸਿੱਖ ਸੂਰਬੀਰ ਯੋਧੇ ਸ਼ਸਤਰਾਂ ਦੇ ਜੌਹਰ ਦਿਖਾਂਦੇ ਹਨ, ਪਰ ਦੁਮਾਲਿਆਂ, ਚੋਲਿਆਂ ਵਾਲੇ ਕੱਚੇ ਰੰਗਾਂ ਨਾਲ ਹੋਲੀਆਂ ਖੇਡ ਇਕ ਦੂਸਰੇ 'ਤੇ ਰੰਗ ਸੁੱਟ ਰਹੇ ਹਨ। ਹੋਲੀ ਜਿਨ੍ਹਾਂ ਦਾ ਤਿਉਹਾਰ ਹੈ ਉਨ੍ਹਾਂ ਨੂੰ ਮੁਬਾਰਕ।

ਜਲਾਵਤਨ ਸਰਕਾਰ ਦੇ ਆਗੂਆਂ ਨੇ ਨੌਜਵਾਨਾਂ ਨੂੰ ਆਪਣਾ ਵਿਰਸਾ ਸੰਭਾਲ ਅੰਮ੍ਰਿਤ ਛੱਕ ਕੇ ਖ਼ਾਲਸਾ ਕੌਮ, ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਲੰਡਨ ਵਿੱਚ ਜੂਨ 84 ਦੇ ਘੱਲੂਘਾਰੇ ਦੀ 40ਵੀਂ ਯਾਦ ਵਿੱਚ ਹੋ ਰਹੇ ਰੋਹ ਪ੍ਰਦਰਸ਼ਨ ਵਿੱਚ ਸਮੂਹ ਸਿੱਖਾਂ ਨੂੰ ਵੱਧ ਚੜ ਕੇ ਪਹੁੰਚਣ ਦੀ ਅਪੀਲ ਕੀਤੀ ਗਈ।

## ਸ਼ਾਇਰਾਂ ਤੇ ਕਲਮਕਾਰਾਂ ਦਾ ਹੋਇਆ ਸਨਮਾਨ ਅਤੇ

# ਕਵੀਆਂ ਨੇ ਬੰਨ੍ਹਿਆ ਰੰਗ














**ਬਰੈਂਪਟਨ, 11 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪਿਛਲੇ ਦਿਨੀਂ ਵਿਸ਼ਵ ਪੰਜਾਬੀ ਸਭਾ ਕੈਨੇਡਾ (ਰਜਿ) ਵੱਲੋਂ ਭਾਰਤ ਤੋਂ ਕੈਨੇਡਾ ਪਹੁੰਚੇ ਹੋਏ ਸ਼ਾਇਰ ਅਮਰਜੀਤ ਸਿੰਘ ਜੀਤ ਗ.ਜ਼ਲਗੋ ,ਸ਼ਾਇਰਾ ਸ਼ਿੰਦਰ ਕੌਰ ਸਿਰਸਾ ,ਸ਼ਾਇਰ ਹਰਜਿੰਦਰ ਸਿੰਘ ਪੱਤੜ, ਸ਼ਾਇਰ ਸੁਰਜੀਤ ਸਿੰਘ ਪਾਹਵਾ ਮੌਂਟਰੀਅਲ ,ਸ਼ਾਇਰਾ ਸੁਰਿੰਦਰ ਕਮਲ ਅਤੇ ਹਰਦੀਪ ਸਿੰਘ ਐਸ ਜੀ ਪੀ ਸੀ ਮੈਂਬਰ ਦੇ ਮਾਣ ਵਿਚ ਸਨਮਾਨ ਸਮਾਰੋਹ ਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ।ਇਸ ਮੌਕੇ ਡਾ. ਗੁਰਲਾਭ ਸਿੰਘ ਸੰਧੂ ਵਾਇਸ ਚਾਂਸਲਰ ਗੁਰੂ ਕਾਸ਼ੀ ਯੂਨੀਵਰਸਿਟੀ , ਤਲਵੰਡੀ ਸਾਬੋ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ, ਸਮਾਗਮ ਦੀ ਪ੍ਰਧਾਨਗੀ ਡਾ. ਦਲਬੀਰ ਸਿੰਘ ਕਥੂਰੀਆ ਹੁਰਾਂ ਨੇ ਕੀਤੀ।ਪ੍ਰਧਾਨਗੀ ਮੰਡਲ ਚ ਸਾਰੇ ਹੀ ਸਨਮਾਨਿਤ ਸ਼ਾਇਰ ਸ਼ਾਮਲ ਸਨ ,ਡਾ. ਪ੍ਰਗਟ ਸਿੰਘ ਬੱਗਾ ਨੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਆਏ ਮਹਿਮਾਨਾਂ ਨੂੰ ਖੁਸ਼ਆਮਦੀਦ ਕਿਹਾ। ਸਮਾਗਮ ਦਾ ਆਗਾਜ਼ ਪੰਜਾਬੀ ਲੋਕ ਵਿਰਸੇ ਦੇ ਸਾਜ ਅਲਗੋਜਿਆਂ ਦੀਆਂ ਮਿੱਠੀਆਂ ਧੁਨਾਂ ਨਾਲ ਹੋਇਆ। ਕਵੀ ਦਰਬਾਰ ਦਾ ਨਿਵੇਕਲਾਪਣ ਇਹ ਰਿਹਾ ਕਿ ਸ਼ੁਰੂਆਤ ਹੀ ਮਹਿਮਾਨ ਕਵੀਆਂ ਦੇ ਕਲਾਮ ਨਾਲ ਕੀਤੀ ਗਈ ਇਸ ਉਪਰੰਤ ਪੰਡਾਲ ਚ ਸ਼ਸ਼ੋਭਿਤ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਰੰਗ ਬੰਨ੍ਹਿਆ। ਇਸ ਮੌਕੇ ਡਾ. ਦਲਬੀਰ ਸਿੰਘ ਕਥੂਰੀਆ ਨੇ ਪੰਜਾਬੀ ਮਾਂ ਬੋਲੀ ਦੇ ਪਸਾਰ ਤੇ ਪ੍ਰਚਾਰ ਲਈ ਕੀਤੇ ਜਾ ਯਤਨਾਂ ਦੀ ਚਰਚਾ ਕੀਤੀ ਅਤੇ ਗੁਰਮੁਖੀ ਲਿੱਪੀ ਦੀ ਅਹਿਮੀਅਤ ਦੀ ਗੱਲ ਕਰ ਦਿਆਂ ਕਿਹਾ ਕਿ ਇਹ ਅਸਾਡੇ ਲਈ ਹੋਰ ਵੀ ਜਰੂਰੀ ਹੈ ਕਿਉਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਮੁੱਢਲੇ ਤੌਰ ਤੇ ਗੁਰਮੁਖੀ ਚ ਹੋਈ ਹੈ ਬਾਅਦ ਵਿਚ ਬੇਸ਼ੱਕ ਹੋਰ ਲਿੱਪੀਆਂ ਤੇ ਭਾਸ਼ਵਾਂ ਵਿਚ ਅਨੁਵਾਦ ਹੋ ਚੁੱਕਿਆ ਹੈ ਪਰ ਗੁਰਮੁਖੀ ਚ ਪਾਠ ਕਰਦਿਆਂ ਪਰਮ ਆਨੰਦ ਮਹਿਸੂਸ ਹੁੰਦਾ ਹੈ। ਇਸ ਲਈ ਗੁਰਮੁਖੀ ਦਾ ਪਸਾਰ ਹੋਰ ਵੀ ਜਰੂਰੀ ਹੈ।ਸਮਾਗਮ ਦੇ ਸਿਖਰ ਤੇ ਆ ਕੇ ਮਹਿਮਾਨ ਸ਼ਾਇਰਾਂ ਤੇ ਕਲਮਕਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਜੀ ਬਾਜਵਾ, ਜੰਗੀਰ ਸਿੰਘ ਕਾਹਲੋਂ,ਪਰਮਜੀਤ ਸਿੰਘ ਬਿਰਦੀ,ਡਾ. ਸੋਹਣ ਸਿੰਘ ਪਰਮਾਰ ,ਜਸਪਾਲ ਸਿੰਘ ਦੇਸੂਵੀ, ਡਾਕਟਰ ਬਲਵਿੰਦਰ ਸਿੰਘ ,ਰਿੱਟੂ ਭਾਟੀਆ,ਹਰਦਿਆਲ ਸਿੰਘ ਝੀਤਾ ,ਗਿਆਨ ਸਿੰਘ ਦਰਦੀ ਅਤੇ ਹੋਰ ਬਹੁਤ ਸਾਰੀਆਂ ਸਾਹਿਤਕ ਤੇ ਸਮਾਜ ਸੇਵੀ ਸ਼ਖਸੀਅਤਾਂ ਹਾਜ਼ਰ ਰਹੀਆਂ ,ਸਮਾਗਮ ਦੇ ਅੰਤ ਚ ਇੰਦਰਜੀਤ ਸਿੰਘ ਬੱਲ ਨੇ ਸਰੋਤਿਆਂ ਦਾ ਧੰਨਵਾਦ ਕੀਤਾ।ਮੰਚ ਸੰਚਾਲਨ ਗੁਰਮਿੰਦਰ ਸਿੰਘ ਆਹਲੂਵਾਲੀਆ ਨੇ ਬਾਖੂਬੀ ਨਿਭਾਇਆ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਸ਼ਹੀਦ ਭਾਈ ਪਰਮਜੀਤ ਸਿੰਘ ਤੁਗਲਵਾਲਾ ਦੇ ਸਮਾਗਮ 'ਚ

# ਸ਼ਹੀਦਾਂ ਦੇ ਪਰਿਵਾਰਾਂ, ਜੁਝਾਰੂ ਸਿੰਘਾਂ-ਸਿੰਘਣੀਆਂ, ਧਰਮੀ ਫ਼ੌਜੀਆਂ ਤੇ ਪੰਥਕ ਸ਼ਖ਼ਸੀਅਤਾਂ ਦਾ ਸਨਮਾਨ



**ਅੰਮ੍ਰਿਤਸਰ, 11 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ 'ਚ ਸ਼ਹਾਦਤ ਦਾ ਜਾਮ ਪੀਣ ਵਾਲੇ ਖ਼ਾਲਿਸਤਾਨ ਲਿਬਰੇਸ਼ਨ ਆਰਗੇਨਾਈਜੇਸ਼ਨ ਦੇ ਮੁਖੀ ਅਤੇ ਖ਼ਾਲਿਸਤਾਨ ਆਰਮਡ ਫ਼ੋਰਸ ਦੇ ਲੈਫ਼ਟੀਨੈਂਟ ਜਨਰਲ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਉਰਫ਼ ਬਾਬਾ ਨੰਦ ਦਾ 33ਵਾਂ ਮਹਾਨ ਸ਼ਹੀਦੀ ਸਮਾਗਮ ਗੁ. ਸੁੱਚੇਆਣਾ ਸਾਹਿਬ, ਪਿੰਡ ਤੁਗਲਵਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਅਤੇ ਪਰਿਵਾਰ ਵੱਲੋਂ ਮਨਾਇਆ ਗਿਆ।

**ਕਾਂਗਰਸ, ਭਾਜਪਾ, ਬਾਦਲਕੇ, ਝਾੜੂ ਵਾਲੇ ਪੰਥ ਤੇ ਪੰਜਾਬ ਦੇ ਹਿਤੈਸ਼ੀ ਨਹੀਂ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ**

ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕਵੀਸ਼ਰ ਭਾਈ ਨਿਸ਼ਾਨ ਸਿੰਘ ਝਬਾਲ ਅਤੇ ਕਵੀਸ਼ਰ ਭਾਈ ਸੁਲੱਖਣ ਸਿੰਘ ਰਿਆੜ ਦੇ ਜਥੇ ਵੱਲੋਂ ਜੋਸ਼ੀਲੀਆਂ ਵਾਰਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਫਿਰ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਅਕਾਲ ਫੈਡਰੇਸ਼ਨ ਦੇ ਪ੍ਰਧਾਨ ਭਾਈ ਨਰਾਇਣ ਸਿੰਘ ਚੌੜਾ, ਬੀਬੀ ਸੰਦੀਪ ਕੌਰ (ਚੇਅਰਮੈਨ ਸ਼ਹੀਦ ਭਾਈ ਧਰਮ ਸਿੰਘ ਟਰੱਸਟ), ਕੌਮੀ ਇਨਸਾਫ ਮੋਰਚੇ ਦੇ ਆਗੂ ਭਾਈ ਗੁਰਿੰਦਰ ਸਿੰਘ ਬਾਜਵਾ, ਆਵਾਜ਼ੇ ਕੌਮ ਜਥੇਬੰਦੀ ਦੇ ਆਗੂ ਭਾਈ ਰਣਵੀਰ ਸਿੰਘ ਬੈਂਸਤਾਨੀ, ਕਿਸਾਨ ਆਗੂ ਭਾਈ ਬਖਤਾਵਰ ਸਿੰਘ ਲਾਧੂਪੁਰ, ਪੰਥਕ ਪੱਤਰਕਾਰ ਭਾਈ ਭੁਪਿੰਦਰ ਸਿੰਘ ਸੱਜਣ, ਗੁਰਦੁਆਰਾ ਕਰਤਾਰਪੁਰ ਲਾਂਘਾ ਸੰਘਰਸ਼ ਕਮੇਟੀ ਦੇ ਕਨਵੀਨਰ ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰਾ, ਭਾਈ ਅੰਗਰੇਜ਼ ਸਿੰਘ ਮੋਗਾ, ਭਾਈ ਪਾਰਸ ਸਿੰਘ ਖ਼ਾਲਸਾ ਆਦਿ ਨੇ ਸਿੱਖ ਸੰਘਰਸ਼ ਪ੍ਰਤੀ ਵਿਚਾਰ ਸਾਂਝੇ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ।

ਸਮੂਹ ਜਥੇਬੰਦੀਆਂ ਨੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਉਰਫ ਬਾਬਾ ਨੰਦ ਦੀ ਜੁਝਾਰੂ ਸਿੰਘਣੀ ਬੀਬੀ ਕੁਲਵਿੰਦਰ ਕੌਰ ਖਾਲਸਾ ਦਾ ਸ਼ਾਨਦਾਰ ਸਨਮਾਨ ਕੀਤਾ ਅਤੇ ਸਮਾਪਤੀ 'ਤੇ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਨੇ ਸਭ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ 'ਚ ਸ਼ਹੀਦਾਂ ਦੇ ਪਰਿਵਾਰਾਂ, ਜੁਝਾਰੂ ਸਿੰਘਾਂ-ਸਿੰਘਣੀਆਂ, ਧਰਮੀ ਫ਼ੌਜੀਆਂ ਤੇ ਪੰਥਕ ਸ਼ਖ਼ਸੀਅਤਾਂ ਦਾ ਵੀ ਸਨਮਾਨ ਕੀਤਾ ਗਿਆ ਅਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਲਿਖੀ ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ (ਭਾਗ ਤੀਜਾ) ਕਿਤਾਬਾਂ ਵੀ 200 ਦੀ ਗਿਣਤੀ 'ਚ ਵੰਡੀਆਂ ਗਈਆਂ।

ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ਼ਹਾਦਤਾਂ ਨੂੰ ਯਾਦ ਰੱਖਣਾ ਤੇ ਕੌਮੀ ਨਿਸ਼ਾਨੇ ਲਈ ਸੰਘਰਸ਼ਸ਼ੀਲ ਹੋਣਾ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਬੀਬੀ ਕੁਲਵਿੰਦਰ ਕੌਰ ਖਾਲਸਾ ਦੇ ਸਿੱਖੀ ਸਿਦਕ ਤੇ ਸਿਰੜ ਨੂੰ ਪ੍ਰਣਾਮ ਹੈ। ਕਾਂਗਰਸ, ਭਾਜਪਾ, ਬਾਦਲਕੇ ਤੇ ਝਾੜੂ ਪਾਰਟੀ ਵਾਲੇ ਪੰਥ ਤੇ ਪੰਜਾਬ ਦੇ ਹਿਤੈਸ਼ੀ ਨਹੀਂ, ਪੰਥ ਅਤੇ ਪੰਜਾਬ ਦੇ ਮਸਲਿਆਂ ਦਾ ਹੱਲ ਖਾਲਿਸਤਾਨ ਵਿੱਚ ਹੀ ਮੁਮਕਿਨ ਹੈ।

ਇਸ ਮੌਕੇ ਪਰਮਿੰਦਰ ਸਿੰਘ ਬਸਰਾ ਚੇਅਰਮੈਨ ਬਲਾਕ ਸੰਮਤੀ ਕਾਹਨੂੰਵਾਨ, ਪ੍ਰਿੰਸੀਪਲ ਧਿਆਨ ਸਿੰਘ ਸੰਧੂ ਨਾਥਪੁਰ, ਅਮਨਦੀਪ ਸਿੰਘ ਰੰਧਾਵਾ, ਸਰਪੰਚ ਜਗੀਰ ਸਿੰਘ ਸਰਪੰਚ, ਬਲਜਿੰਦਰ ਸਿੰਘ ਬਾਜਵਾ, ਬਲਵਿੰਦਰ ਸਿੰਘ ਨੈਨੋਕੋਟ, ਕਰਨੈਲ ਸਿੰਘ ਘੋੜੇਬਾਹਾ, ਹੌਲਦਾਰ ਬਲਵਿੰਦਰ ਸਿੰਘ ਧੁੱਪਸੜੀ (ਬੁਲਾਰੇ ਸਾਬਕਾ ਸੈਨਿਕ ਸੰਘਰਸ਼ ਕਮੇਟੀ), ਮੰਗਲ ਸਿੰਘ ਸਾਬਕਾ ਸਰਪੰਚ, ਬੀਬੀ ਨਿਰਪ੍ਰੀਤ ਕੌਰ, ਬੀਬੀ ਕੁਲਬੀਰ ਕੌਰ ਤੇ ਹੋਰ ਪ੍ਰਮੁੱਖ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਭਾਈ ਜਗਜੀਤ ਸਿੰਘ ਰੰਧਾਵਾ, ਭਾਈ ਮਨਜਿੰਦਰ ਸਿੰਘ, ਭਾਈ ਪਰਦੀਪ ਸਿੰਘ, ਭਾਈ ਨਵਪ੍ਰੀਤ ਸਿੰਘ ਰਿਆੜ ਸਮੇਤ ਨੌਜਵਾਨਾਂ ਨੇ ਲੰਗਰ ਦੀ ਸੇਵਾ ਬਾਖੂਬੀ ਨਿਭਾਈ।

ਸਮਾਜ ਮਿਲਵਰਤਨ ਸੁਸਾਇਟੀ ਨੇ ਸੰਗਤਾਂ ਨੂੰ

# ਸ੍ਰੀ ਸੱਚਖੰਡ ਬੱਲਾਂ ਦੇ ਦਰਸ਼ਨ ਕਰਵਾਏ




ਜਲੰਧਰ, (ਵਰਿਆਮ ਹਠੂਰ)- ਸਮਾਜ ਮਿਲਵਰਤਨ ਸੁਸਾਇਟੀ ਜਗਰਾਉਂ ਵੱਲੋਂ ਮਹਾਨ ਰਹਿਬਰਾਂ ਦੀ ਯਾਦ 'ਚ ਜਗਰਾਉਂ ਇਲਾਕੇ ਦੇ ਪਿੰਡਾਂ ਦੀਆਂ ਸੰਗਤਾਂ ਨੂੰ ਪ੍ਰਸਿੱਧ ਧਾਰਮਿਕ ਅਸਥਾਨ ਸ੍ਰੀ ਸੱਚਖੰਡ ਬੱਲਾਂ ਦੇ ਦਰਸ਼ਨ ਕਰਵਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

ਗੱਲਬਾਤ ਕਰਦਿਆਂ ਸਮਾਜ ਮਿਲਵਰਤਨ ਸੁਸਾਇਟੀ ਦੇ ਆਗੂਆਂ ਨੇ ਕਿਹਾ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਵਿਖੇ ਨਤਮਸਤਕ ਹੋਣ ਉਪਰੰਤ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਜੀ ਤੋਂ ਅਸ਼ੀਰਵਾਸ ਪ੍ਰਾਪਤ ਕੀਤਾ, ਸੰਗਤਾਂ ਨੇ ਕਿਹਾ ਕਿ ਸ੍ਰੀ ਸੱਚਖੰਡ ਬੱਲਾਂ ਦੇ ਦਰਸ਼ਨ ਦੀਦਾਰ ਕਰਕੇ ਮਨ ਨੂੰ ਬਹੁਤ ਸਕੂਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਮਾਜ ਮਿਲਵਰਤਨ ਸੁਸਾਇਟੀ ਵੱਲੋਂ ਸਮੂਹ ਜਗਰਾਉਂ ਹਲਕੇ ਦੀਆਂ ਗੁਰਸੰਗਤਾਂ ਦੇ ਸਹਿਯੋਗ ਨਾਲ ਜਗਰਾਉਂ ਦੀ ਦਾਣਾ ਮੰਡੀ ਵਿੱਚ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ ਸੀ। ਤੇ ਬਾਅਦ ਵਿੱਚ ਗੁਰਸੰਗਤਾਂ ਨੂੰ ਸਮਾਜ ਮਿਲਵਰਤਨ ਸੁਸਾਇਟੀ ਵੱਲੋਂ ਸ਼੍ਰੀ ਖੁਰਾਲਗੜ੍ਹ ਸਾਹਿਬ ਦੇ ਦਰਸ਼ਨ ਦੀਦਾਰੇ ਕਰਵਾਏ ਤੇ ਹੁਣ ਸੰਗਤਾਂ ਨੂੰ ਸੱਚਖੰਡ ਬੱਲਾਂ ਦੇ ਦਰਸ਼ਨ ਦੀਦਾਰੇ ਕਰਵਾਏ, ਅਜਿਹੇ ਉਪਰਾਲੇ ਸਮੇਂ ਸਮੇਂ ਨਾਲ ਅੱਗੇ ਵੀ ਹੁੰਦੇ ਰਹਿਣ ਸਮਾਜ ਮਿਲਵਰਤਨ ਸੁਸਾਇਟੀ ਜਗਰਾਉਂ ਦੀ ਇਹੋ ਕੋਸ਼ਿਸ਼ ਰਹੇਗੀ, ਇਸ ਮੌਕੇ ਮਹਿੰਗਾ ਸਿੰਘ ਮੀਰਪੁਰ ਹਾਂਸ, ਪ੍ਰੇਮ ਸਿੰਘ ਲੋਹਟ, ਹੈਪੀ ਲੋਹਟ, ਕੁਲਦੀਪ ਸਿੰਘ ਮੀਰਪੁਰ, ਨਿਰਮਲ ਸਿੰਘ, ਗੁਰਬਚਨ ਸਿੰਘ, ਦਰਸ਼ਨ ਸਿੰਘ, ਆਤਮਾ ਸਿੰਘ, ਜਗਤਾਰ ਸਿੰਘ ਅਤੇ ਗੁਰਚਰਨ ਸਿੰਘ ਆਦਿ ਹਾਜ਼ਰ ਸਨ।

# ਸਾਹਿਤ ਪ੍ਰਚਾਰ ਮੰਚ ਅੰਮ੍ਰਿਤਸਰ ਦੇ ਦਫਤਰ ਦਾ ਸ਼ੁੱਭ ਉਦਘਾਟਨ



**ਚੌਕ ਮਹਿਤਾ, 11 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਮਾਝੇ ਦੀਆਂ ਸਾਹਿਤਕ ਸਭਾਵਾਂ ਵਿੱਚ ਵਾਧਾ ਕਰਦਿਆਂ, ਨੌਜਵਾਨ ਲੇਖਕਾਂ ਦੇ ਉੱਦਮ ਸਦਕਾ ਸਾਹਿਤ ਪ੍ਰਚਾਰ ਮੰਚ ਅੰਮ੍ਰਿਤਸਰ ਦੀ ਸਥਾਪਨਾ ਉਪਰੰਤ ਇਸਦਾ ਬਕਾਇਦਾ ਦਫਤਰ ਵੇਰਕਾ ਵਿਖੇ ਖੋਲ੍ਹਿਆ ਗਿਆ, ਜਿਸਦਾ ਕਿ ਰਸਮੀਂ ਤੌਰ 'ਤੇ ਉਦਘਾਟਨ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸਕੱਤਰ ਦੀਪ ਦਵਿੰਦਰ ਸਿੰਘ, ਕੌਂਸਲਰ ਪਰਮਿੰਦਰ ਕੌਰ ਵੇਰਕਾ ਅਤੇ ਬਾਬਾ ਰਵੀ ਸ਼ਾਹ ਨੇ ਸਾਂਝੇ ਤੌਰ ਤੇ ਰੀਬਨ ਕੱਟ ਕੇ ਕੀਤਾ । ਇਸ ਮੌਕੇ ਸ: ਸੁਰਜੀਤ ਸਿੰਘ ਅਸ਼ਕ ਨੂੰ ਸਾਹਿਤ ਪ੍ਰਚਾਰ ਮੰਚ, ਅੰਮ੍ਰਿਤਸਰ ਦੇ ਬਤੌਰ ਪ੍ਰਧਾਨ ਨਿਯੁਕਤ ਕਰਦਿਆਂ ਸਨਮਾਨਿਤ ਕੀਤਾ ਗਿਆ । ਮੰਚ ਸੰਚਾਲਨ ਕਰਦਿਆਂ ਜਨਰਲ ਸਕੱਤਰ ਰਾਜੀਵ ਮੈਹਣੀਆਂ ਨੇ ਦੱਸਿਆ ਕਿ ਮੰਚ ਵੱਲੋਂ ਦਫਤਰ ਦੇ ਉਦਘਾਟਨ ਮਗਰੋਂ ਬਹੁਤ ਜਲਦ ਹੀ ਇਕ ਪੰਜਾਬ ਪੱਧਰ ਦਾ ਸਾਹਿਤਕ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੰਜਬ ਭਰ ਵਿਚੋਂ ਕਵੀਜਨ ਪੁਜਣਗੇ । ਇਸ ਮੌਕੇ ਮੰਚ ਦੇ ਮੀਡੀਆ ਇੰਚਾਰਜ ਦਿਲਰਾਜ ਸਿੰਘ ਦਰਦੀ ਨੇ ਵੀ ਮੰਚ ਦੀਆਂ ਪ੍ਰਾਪਤੀਆਂ ਅਤੇ ਮਨੋਰਥ ਬਾਰੇ ਜਾਣਕਾਰੀ ਦਿੱਤੀ । ਇਸ ਦੌਰਾਨ ਹੀ ਗਾਇਕ ਸਰਗਮ ਸੋਹੀ ਦੇ ਆ ਰਹੇ ਨਵੇਂ ਗੀਤ "ਕਾਲ" ਦਾ ਪੋਸਟਰ ਵੀ ਲੋਕ ਅਰਪਿਤ ਕੀਤਾ ਗਿਆ । ਮੰਚ ਵੱਲੋਂ ਸ਼ੇਲਿੰਦਰਜੀਤ ਸਿੰਘ ਰਾਜਨ, ਦੀਪ ਦਵਿੰਦਰ ਸਿੰਘ, ਪਰਮਿੰਦਰ ਕੌਰ ਵੇਰਕਾ, ਬਾਬਾ ਰਵੀ ਸ਼ਾਹ ਸਮੇਤ ਪੁੱਜੀਆਂ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਧਰਵਿੰਦਰ ਸਿੰਘ ਔਲਖ, ਮੱਖਣ ਭੈਣੀਵਾਲਾ, ਮਨਜੀਤ ਸਿੰਘ ਵੱਸੀ, ਰਾਜਵਿੰਦਰ ਕੌਰ ਰਾਜ, ਡਾ: ਕ੍ਰਿਪਾਲ ਸਿੰਘ ਵੇਰਕਾ, ਵਿਜੈ ਸ਼ਰਮਾ, ਰਵਿੰਦਰ ਕੌਰ, ਹਰਮਿੰਦਰ ਸਿੰਘ, ਗੁਰਮੀਤ ਸਿੰਘ, ਸਰਗਮ ਸੋਹੀ, ਪ੍ਰਗਟ ਸਿੰਘ, ਗੁਰਮੀਤ ਸਿੰਘ, ਹਰਵਿੰਦਰ ਸਿੰਘ, ਰਵਿੰਦਰ ਕੁਮਾਰ ਅਤੇ ਹੋਰਨਾਂ ਨੇ ਕਾਵਿ ਕਿਰਤਾਂ ਪੇਸ਼ ਕੀਤੀਆਂ ।

ਆਵਾਜ਼ਿ ਕੌਮ AWAZE QAUM International Newspaper & WEB TV

## ਜੰਡਿਆਲਾ ਗੁਰੂ ਵਿਖੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਅੱਜ ਤੇ ਕੱਲ੍ਹ ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਸੁੱਖਾ ਸਿੰਘ

**ਜੰਡਿਆਲਾ ਗੁਰੂ, 11 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ)**-ਅੱਜ ਤਪ ਅਸਥਾਨ ਗੁਰਦੁਆਰਾ ਸੰਤ ਬਾਬਾ ਗੁਰਬਖਸ਼ ਸਿੰਘ ਜੀ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸ਼ਿਮਲੇ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਜੀ ਨੇ ਕਿਹਾ ਕਿ ਸਰਬੰਸਦਾਨੀ



ਸਾਹਿਬੇ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ

ਆਵਾਜ਼ਿ ਕੌਮ AWAZE QAUM International Newspaper & WEB TV

ਵਿਸਾਖੀ ਵਾਲੇ ਦਿਨ ਖ਼ਾਲਸੇ ਦੀ ਸਿਰਜਣਾ ਕੀਤੀ ਗਈ ਅਤੇ ਪੰਜਾਂ ਪਿਆਰਿਆਂ ਪਾਸੋਂ ਖੰਡੇਧਾਰ ਪਾਹੁਲ ਛਕ ਕੇ ਖ਼ਾਲਸੇ ਨੂੰ ਆਕਾਲ ਪੁਰਖ ਦਾ ਰੂਪ ਦਿੱਤਾ ਗਿਆ ਮਜ਼ਲੂਮਾਂ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਖ਼ਾਲਸੇ ਨੂੰ ਸਿੰਘ ਸ਼ੇਰ ਦਾ ਨਾਮ ਦੇ ਕੇ ਨਿਵਾਜਿਆ 9 ਜਿਸ ਦੇ ਚੱਲਦਿਆਂ ਵਿਸਾਖੀ ਦਾ ਪਵਿੱਤਰ ਦਿਹਾੜਾ ਖਾਲਸੇ ਦਾ ਜਨਮ ਦਿਨ ਗੁਰੂ ਨਾਨਕ ਲੇਵਾ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਅਤੇ ਇਸ ਪਵਿੱਤਰ ਦਿਹਾੜੇ ਨੂੰ ਸਮਰਪਿਤ ਜੰਡਿਆਲਾ ਗੁਰੂ ਵਿਖੇ 12 ਅਪ੍ਰੈਲ ਅਤੇ 13 ਅਪ੍ਰੈਲ ਨੂੰ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਜੰਡਿਆਲਾ ਗੁਰੂ ਦੀਆਂ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਵੱਲੋਂ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ ਸਮੂਹ ਸ਼ਹਿਰ ਵਾਸੀਆਂ ਅਤੇ ਇਲਾਕੇ ਦੀਆਂ ਸੰਗਤਾਂ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਆਖਿਰ ਵਿੱਚ ਬਾਬਾ ਸੁੱਖਾ ਸਿੰਘ ਜੀ ਨੇ ਖਾਲਸੇ ਦੇ ਜਨਮ ਦਿਹਾੜੇ ਦੀਆਂ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਬੇਨਤੀ ਕੀਤੀ ਕਿ ਜਿਨ੍ਹਾਂ ਪ੍ਰਾਣੀਆਂ ਨੇ ਅੰਮ੍ਰਿਤਪਾਨ ਨਹੀਂ ਕੀਤਾ ਉਹ ਇਸ ਪਵਿੱਤਰ ਦਿਹਾੜੇ ਵਾਲੇ ਦਿਨ ਪੰਜਾਂ ਪਿਆਰਿਆਂ ਪਾਸੋ ਖੰਡੇ ਦੀ ਪਾਹੁਲ ਛਕ ਕੇ ਗੁਰੂ ਕੇ ਜਹਾਜੇ ਚੜ੍ਹ ਕੇ ਗੁਰੂ ਵਾਲੇ ਬਣ ਕਿ ਬਾਣੀ ਤੇ ਬਾਣੇ ਦੇ ਧਾਰਨੀ ਹੋਵੋ 9 ਕਲੋਨੀ ਜੋਤੀਸਰ ਜੰਡਿਆਲਾ ਗੁਰੂ ਦੀਆਂ ਸਮੂਹ ਸੰਗਤਾਂ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਨਗਰ ਕੀਰਤਨ ਦੇ ਸਵਾਗਤ ਨੂੰ ਮੁੱਖ ਰੱਖਦਿਆਂ ਹੋਇਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਜਾਣਗੇ

## ਜ਼ਿਲ੍ਹਾ ਪ੍ਰਸ਼ਾਸਨ ਨੇ 'ਲੋਕਤੰਤਰ ਦੀ ਜਾਗੋ' ਕੱਢ ਕੇ ਵੋਟਰਾਂ ਨੂੰ ਵੋਟ ਪਾਉਣ ਦਾ ਦਿੱਤਾ ਸੱਦਾ

**ਹੁਸ਼ਿਆਰਪੁਰ, 11 ਅਪ੍ਰੈਲ, (ਆਵਾਜ਼ਿ ਕੌਮ ਬਿਊਰੋ)**-ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ -ਕਮ-ਜਿਲਾ ਚੋਣ ਅਫ਼ਸਰ ਹੁਸਿਆਰਪੁਰ ਕੋਮਲ ਮਿੱਤਲ ਦੀ ਯੋਗ ਅਗਵਾਈ ਹੇਠ ਲੋਕਾਂ ਨੂੰ ਵੋਟ ਪਾਉਣ ਅਤੇ ਵੋਟ ਬਣਾਉਣ ਸਬੰਧੀ ਜਾਗਰੂਕ ਕਰਨ ਦੇ ਲਈ ਜ਼ਿਲ੍ਹੇ ਵਿੱਚ ਅਲੱਗ ਅਲੱਗ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਸੇ ਲੜੀ ਤਹਿਤ ਪਿੰਡ ਰੂਪੋਵਾਲ ਹਲਕਾ ਉੜਮੁੜ ਵਿੱਚ ਇੱਕ ਨਿਵੇਕਲੀ ਪਹਿਲ ਕੀਤੀ ਗਈ, ਜਿਸ ਅਧੀਨ ਪਿੰਡ ਵਿੱਚ 'ਲੋਕਤੰਤਰ ਦੀ ਜਾਗੋ' ਕੱਢੀ ਗਈ। ਪਿੰਡ ਦੀ ਸੱਥ ਵਿੱਚ ਬਹੁਤ ਵੱਡਾ ਤੇ ਪੁਰਾਣਾ ਬੋਹੜ ਦਾ ਦਰਖ਼ਤ ਹੈ ਅਤੇ ਉਸ ਦੇ ਆਲੇ ਬਣੇ ਵੱਡੇ ਥੜੇ ਦੇ ਆਸ ਪਾਸ ਪਿੰਡ ਦੇ ਲੋਕਾਂ ਦਾ ਇਕੱਠ ਕੀਤਾ ਗਿਆ। ਇਸ ਦੌਰਾਨ ਪਿੰਡ ਦੇ ਤਕਰੀਬਨ 500 ਲੋਕ ਇਕੱਤਰ ਹੋਏ। ਇਸ ਜਾਗੋ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਐਸ.ਡੀ.ਐਮ ਟਾਂਡਾ ਵਿਓਮ ਭਾਰਦਵਾਜ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਦੀ ਰੂਪ-ਰੇਖਾ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਵਲੋਂ ਉਲੀਕੀ ਗਈ, ਉਹਨਾਂ ਦਾ ਸਾਥ ਉਹਨਾਂ ਦੇ ਸਹਾਇਕ ਨੋਡਲ ਅਫ਼ਸਰ ਅਕੂੰਰ ਸ਼ਰਮਾ ਵਲੋਂ ਦਿੱਤਾ ਗਿਆ। ਇਸ ਦੌਰਾਨ ਸਰਕਾਰੀ ਸੀਨੀਅਰ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਅੰਬਾਲਾ ਜੱਟਾਂ ਦੀ ਵਿਦਿਆਰਥਣਾਂ ਵਲੋਂ ਸਹਾਇਕ ਨੋਡਲ ਅਫ਼ਸਰ ਉੜਮੁੜ ਡਾ. ਕੁਲਦੀਪ ਸਿੰਘ ਮਿਨਹਾਸ ਜੀ ਅਗਵਾਈ ਵਿੱਚ ਇਕ ਨਿਵੇਕਲੇ ਢੰਗ ਨਾਲ ਵੋਟਰਾਂ ਨੂੰ ਵੋਟਾਂ ਲਈ ਜਾਗਰੂਕ ਕਰਨ ਲਈ ਪਹਿਲਾ ਸਵੀਪ ਗਿੱਧਾ ਪੇਸ਼ ਕੀਤਾ ਗਿਆ, ਜਿਸ ਦੀਆਂ ਸਾਰੀਆਂ ਬੋਲੀਆਂ ਵੋਟਰ ਜਾਗਰੁਕਤਾ ਨਾਲ ਸੰਬਧਤ ਸਨ। ਇਸ ਤੋਂ ਬਾਅਦ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਢੋਲ ਦੀ ਥਾਪ ਤੇ ਜਾਗੋ ਕੱਢੀ ਗਈ, ਜਿਸ ਦੀ ਅਗਵਾਈ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਗਈ। ਡਿਪਟੀ ਕਮਿਸ਼ਨਰ-ਕਮ- ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਇਸ ਨਿਵੇਕਲੀ ਪਹਿਲ ਕਦਮੀ ਲਈ ਸਕੂਲ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਜਿਵੇਂ ਇੱਕ ਵਿਆਹ ਵਿੱਚ ਸਾਰੇ ਪਿੰਡ ਵਾਸੀਆਂ ਨੂੰ ਸੱਦਾ ਦੇ ਕੇ ਬੁਲਾਇਆ ਜਾਂਦਾ ਹੈ ਅਤੇ ਫਿਰ ਸਾਰੀਆਂ ਦੇ ਨਾਲ ਮਿਲਕੇ ਪਿੰਡ ਵਿੱਚ ਖੁਸ਼ੀ ਮਨਾਈ ਜਾਂਦੀ ਹੈ। ਉਸੇ ਤਰਾਂ ਵੋਟਾਂ ਵੀ ਇੱਕ ਮਹਾ ਉਤਸਵ ਹੈ, ਜਿਸ ਵਿੱਚ ਅਸੀਂ ਸਾਰੇ ਇੱਕਠੇ ਹੋਕੇ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਦੇ ਹਾਂ। ਉਨ੍ਹਾਂ ਲੋਕਤੰਤਰ ਦੇ ਸਭ ਤੋਂ ਵੱਡੇ ਤਿਓਹਾਰ 'ਤੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਦਾ ਸੱਦਾ ਦਿੱਤਾ ਗਿਆ।

## ਅੱਜ ਦਸਤਾਰ ਦਿਵਸ ’ਤੇ ਵਿਸ਼ੇਸ਼

# ਦਸਤਾਰ: ਸਿੱਖ ਦੀ ਇੱਜ਼ਤ ਤੇ ਅਣਖ ਦੀ ਪ੍ਰਤੀਕ

### ਅੱਜ 12 ਅਪ੍ਰੈਲ ਨੂੰ ਦਸਤਾਰ ਦਿਵਸ ’ਤੇ ਹਰ ਗੁਰਸਿੱਖ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਗੁੰਮਰਾਹ ਹੋਏ ਨੌਜਵਾਨਾਂ ਨੂੰ ਪ੍ਰੇਰ ਕੇ ਸਿੱਖੀ ਸਰੂਪ ਵਿੱਚ ਸ਼ਾਮਲ ਕਰੇਗਾ ਤੇ ਦਸਤਾਰ ਸਜਾਉਣ ਲਈ ਪ੍ਰੇਰਿਤ ਕਰੇ

**ਸਿੱਖ ਧਰਮ** ਦੇ ਮੋਢੀ ਸ਼੍ਰੀ ਗੁਰੂ ਨਾਨਕ ਦੇਵ ਜੀ ਬਾਲਪਨ ਤੋਂ ਹੀ ਸਿਰ ਤੇ ਦਸਤਾਰ ਸਜਾਉਂਦੇ ਸਨ। ਜਨਮਸਾਖੀਆਂ ਅਨੁਸਾਰ ਜਦੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਪੂਰਬ ਵੱਲ ਗਏ ਤਾਂ ਬਿਸ਼ੰਭਪੁਰ ਨਗਰ ਵਿਖੇ ਉਹਨਾਂ ਦਾ ਮਿਲਾਪ ਸਾਲਸ ਰਾਏ ਜੌਹਰੀ ਨਾਲ ਹੋਇਆ। ਉਸ ਦੀ ਸ਼ਰਧਾ ਵੇਖ ਕੇ ਗੁਰੂ ਨਾਨਕ ਨੇ ਉਸ ਨੂੰ ਦਸਤਾਰ ਬਖ਼ਿਸ਼ਸ਼ ਕੀਤੀ ਅਤੇ ਸਿੱਖ ਧਰਮ ਦਾ ਪ੍ਰਚਾਰਕ ਨਿਯੁਕਤ ਕੀਤਾ। ਛੇਵੇਂ ਗੁਰੂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰੀ ਢਾਡੀ ਭਾਈ ਅਬਦੁੱਲਾ ਜੀ ਤੇ ਭਾਈ ਨੱਥ ਮੱਲ ਜੀ ਗੁਰੂ ਸਾਹਿਬ ਦੀ ਦਸਤਾਰ ਦੀ ਸੋਭਾ ਬਿਆਨਦੇ ਹੋਏ ਲਿਖਦੇ ਹਨ।

**ਦੋ ਤਲਵਾਰਾਂ ਬੱਧੀਆਂ ਇੱਕ ਮੀਰੀ ਦੀ ਇੱਕ ਪੀਰੀ ਦੀ।**
**ਇੱਕ ਅਜ਼ਮਤ ਦੀ ਇੱਕ ਰਾਜ ਦੀ ਇੱਕ ਰਾਖੀ ਕਰੇ ਵਜ਼ੀਰ ਦੀ।**
**ਪੱਗ ਤੇਰੀ ਕਿ ਜਹਾਂਗੀਰ ਦੀ।**

ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿੱਚ ਵਿਸਾਖੀ ਵਾਲੇ ਦਿਨ ਦਸਤਾਰ ਨੂੰ ਸਿੱਖੀ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ। ਇਸ ਦਾ ਜ਼ਿਕਰ ਭਾਈ ਦੇਸਾ ਸਿੰਘ ਦੇ ਰਹਿਤਨਾਮਿਆਂ, ਭਾਈ ਨੰਦ ਲਾਲ ਜੀ ਦੇ ਤਨਖਾਹਨਾਮੇ ਅਤੇ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿੱਚ ਮਿਲਦਾ ਹੈ। ਵਿਸਾਖੀ ਵਾਲੇ ਦਿਨ ਦਰਸ਼ਨ ਕਰਨ ਆਏ ਮਸੰਦਾਂ ਨੂੰ ਦਸਤਾਰ ਦੀ ਬਖ਼ਿਸ਼ਸ਼ ਕਰਕੇ ਵਿਦਾ ਕੀਤਾ ਜਾਂਦਾ ਸੀ।

ਭਾਈ ਚੌਪਾ ਸਿੰਘ ਨੇ ਵੀ ਦਸਤਾਰ ਬਾਰੇ ਲਿਖਿਆ ਹੈ।

**ਪੱਗ ਰਾਤੀਂ ਲਾਹ ਕੇ ਸੌਵੇਂ, ਸੋ ਭੀ ਤਨਖਾਹੀਆ।**
**ਨੰਗੇ ਕੇਸੀਂ ਫਿਰੇ ਰਵਾਲ ਪਾਏ, ਸੋ ਭੀ ਤਨਖਾਹੀਆ।**
**ਨੰਗੇ ਕੇਸੀਂ ਮਾਰਗ ਟੁਰੇ, ਸੋ ਭੀ ਤਨਖਾਹੀਆ।**
**ਨੰਗੇ ਕੇਸੀਂ ਭੋਜਨ ਕਰੇ, ਸੋ ਭੀ ਤਨਖਾਹੀਆ।**

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦਸਤਾਰ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਜਿਸ ਦੀ ਸੰਗਿਆ ਪੱਗ ਹੈ। ਪੱਗ ਨੂੰ ਪਗੜੀ ਤੇ ਦਸਤਾਰ ਵੀ ਕਿਹਾ ਜਾਂਦਾ ਹੈ। ਸਾਬਤ ਸੂਰਤ ਰਹਿਣਾ ਹੀ ਸਿਰ ਤੇ ਦਸਤਾਰ ਸਜਾਉਣੀ ਹੈ। ਵਿਦੇਸ਼ਾਂ ਵਿੱਚ ਖ਼ਾਸ ਕਰਕੇ ਯੂਰਪੀ ਦੇਸ਼ਾਂ ਵਿੱਚ ਭਾਰਤੀ ਸਿੱਖ ਦੀ ਪਹਿਲੀ ਪਛਾਣ ਪੱਗ ਤੋਂ ਹੁੰਦੀ ਹੈ। ਸਿੱਖ ਸਿਰ ਦਸਤਾਰ ਨੇ ਅੱਜ ਤੱਕ ਪਹੁੰਚਣ ਲਈ ਇਤਿਹਾਸ ਨੇ ਕਈ ਮੋੜ ਕੱਟੇ ਹਨ। ਨਾਮਧਾਰੀ ਦਸਤਾਰ ਵੀ ਦੋ ਨੁੱਕਰੀ ਦਸਤਾਰ ਦਾ ਹੀ ਰੂਪ ਹੈ।

ਦਸਤਾਰ ਸਿੱਖ ਦੀ ਸ਼ਾਨ ਹੀ ਨਹੀਂ ਇਸ ਦੀ ਵਰਤੋਂ ਇੱਕ ਸਿੱਖ ਲਈ ਧਾਰਮਿਕ ਤੌਰ ’ਤੇ ਵੀ ਜ਼ਰੂਰੀ ਹੈ। ਸਿੱਖ ਨੰਗੇ ਸਿਰ ਨਹੀਂ ਰਹਿੰਦਾ, ਘਰ ਵਿੱਚ ਜਾਂ ਸੈਰ ਕਰਨ ਵੇਲੇ ਵੀ ਛੋਟੀ ਦਸਤਾਰ ਸਿਰ ’ਤੇ ਜ਼ਰੂਰ ਰੱਖਦਾ ਹੈ। ਦਸਤਾਰ ਨਾਲ ਹੀ ਸਿੱਖ ਦੀ ਪਹਿਚਾਨ ਹੈ। ਦਸਤਾਰ ਨੂੰ ਸਿੱਖ ਲਿਬਾਸ ਦਾ ਜ਼ਰੂਰੀ ਅੰਗ ਨਿਰਧਾਰਿਤ ਕੀਤਾ ਗਿਆ ਹੈ। ਸਿੱਖ ਦਸਤਾਰ ਨੂੰ ਇਕੱਲਾ-ਇਕੱਲਾ ਪੇਚ ਕਰਕੇ ਲੜਾਂ ਨੂੰ ਚਿਣ-ਚਿਣ ਕੇ ਬੰਨ੍ਹੇ ਤੇ ਇਕੱਲਾ-ਇਕੱਲਾ ਲੜ ਕਰਕੇ ਉਤਾਰੇ, ਨਾ ਹੀ ਟੋਪੀ ਦੀ ਤਰ੍ਹਾਂ ਉਤਾਰੇ ਅਤੇ ਨਾ ਹੀ ਟੋਪੀ ਦੀ ਤਰ੍ਹਾਂ ਰੱਖੇ। ਕਈ ਨੌਜਵਾਨਾਂ ਨੇ ਕੇਸ ਰੱਖੇ ਹੁੰਦੇ ਹਨ ਪਰ ਉਹ ਪਟਕਾ ਬੰਨ੍ਹਦੇ ਹਨ ਜਾਂ ਟੋਪੀ ਪਾਉਂਦੇ ਹਨ। ਜੇਕਰ ਉਹਨਾਂ ਨੂੰ ਦਸਤਾਰ ਸਜਾਉਣ ਲਈ ਕਿਹਾ ਜਾਵੇ ਤਾਂ ਉਹ ਕਹਿੰਦੇ ਹਨ ਕਿ ਦਸਤਾਰ ਸਜਾਉਣ ਨਾਲ ਸਿਰ ਦਰਦ ਹੋਣ ਲੱਗ ਜਾਂਦਾ ਹੈ, ਜਾਂ ਦਸਤਾਰ ਸਜਾਉਣ ਤੇ ਸਮਾਂ ਬਹੁਤ ਲੱਗਦਾ ਹੈ। ਸਾਡੇ ਦੇਸ਼ ਦੇ ਕਈ ਹਾਕੀ ਖਿਡਾਰੀ ਪਟਕਾ ਬੰਨ੍ਹ ਕੇ ਮੈਚ ਖੇਡਦੇ ਹਨ ਜਦਕਿ ਨਾਮਧਾਰੀ ਹਾਕੀ ਇਲੈਵਨ ਟੀਮ ਦੇ ਖਿਡਾਰੀ ਦਸਤਾਰ ਸਜਾ ਕੇ ਮੈਚ ਖੇਡਦੇ ਹਨ। ਸਾਰੇ ਖਿਡਾਰੀ ਸਾਬਤ ਸੂਰਤ ਤੇ ਕਛਹਿਰੇ ਪਾ ਕੇ ਪ੍ਰੇਮ-ਪਿਆਰ ਨਾਲ ਖੇਡਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਰੋਪੜ ਦੇ ਵੀ ਕਈ ਖਿਡਾਰੀ ਵੱਖ-ਵੱਖ ਖੇਡਾਂ ਵਿੱਚ ਦਸਤਾਰ ਸਜਾ ਕੇ ਮੈਚ ਖੇਡਦੇ ਹਨ।

ਦਸਤਾਰ ਸਿੱਖ ਦੀ ਇੱਜ਼ਤ ਤੇ ਅਣਖ ਦੀ ਪ੍ਰਤੀਕ ਹੈ। ਇਹ ਗੱਲ ਆਮ ਸੁਣਨ ਵਿੱਚ ਆਉਂਦੀ ਹੈ ਕਿ ਦੇਖੀਂ ! ਪੱਗ ਨੂੰ ਦਾਗ਼ ਨਾ ਲੱਗਣ ਦੇਈਂ। ਅੱਜ ਨੌਜਵਾਨ ਆਪਣੇ ਅਮੀਰ ਵਿਰਸੇ ਤੋਂ ਅਨਜਾਣ, ਗੁੰਮਰਾਹ ਹੋ ਕੇ ਧੜਾ-ਧੜ ਕੇਸਾਂ ਦੀ ਬੇਅਦਬੀ ਕਰ ਰਹੇ ਹਨ। ਕਈ ਨੌਜਵਾਨਾਂ, ਵਿਅਕਤੀਆਂ ਨੇ ਕੇਸ ਰੱਖੇ ਹੁੰਦੇ ਹਨ, ਦਾੜ੍ਹੀ ਕੱਟੀ ਹੁੰਦੀ ਹੈ ਜਾਂ ਕਰਲ ਕੀਤੀ ਹੁੰਦੀ ਹੈ ਜਾਂ ਟ੍ਰਿਮ ਕਰਦੇ ਹਨ ਪਰ ਉਹ ਸਿਰ ਤੇ ਦਸਤਾਰ ਸਜਾਉਂਦੇ ਹਨ। ਕਈ ਵਿਅਕਤੀ ਸਿਰ ਤੇ ਦਸਤਾਰ ਸਜਾਉਂਦੇ ਹਨ,



ਦਾੜ੍ਹੀ ਵੀ ਖੁੱਲ੍ਹੀ ਤੇ ਲੰਮੀ ਰੱਖੀ ਹੁੰਦੀ ਹੈ। ਤਮਾਕੂ, ਪਾਨ ਚੱਬਦੇ ਵੇਖੇ ਹਨ, ਸ਼ਰਾਬ ਪੀਂਦੇ ਹਨ। ਲਾਹਨਤ ਹੈ ਅਜਿਹੀ ਜਵਾਨੀ ਤੇ, ਚੰਗੇ ਭਲੇ ਗੁਰਸਿੱਖ ਪਰਿਵਾਰਾਂ ਦੇ ਨੌਜਵਾਨ, ਕਾਲਜੀਏਟ ਅਤੇ ਫੈਕਟਰੀਆਂ ਵਿੱਚ ਕੰਮ ਕਰਨ ਵਾਲਿਆਂ ਨੂੰ ਵੇਖ ਕੇ ਹੈਰਾਨ ਹੋ ਜਾਈਦਾ ਹੈ ਕਿ ਐਡਾ ਸੋਹਣਾ ਨੌਜਵਾਨ ਤੇ ਇਹੋ ਜਿਹੇ ਕਾਰੇ ਕਰਦਾ ਹੈ। ਸਿਰ ਉੱਤੇ ਦਸਤਾਰ ਹੋਵੇ ਤੇ ਹੱਥ ਵਿੱਚ ਸਿਗਰਟ ਜਾਂ ਬੀੜੀ ਹੋਵੇ ਤਾਂ ਸਹਿਜ ਸੁਭਾਅ ਹੀ ਮੂੰਹੋਂ ਨਿਕਲਦਾ ਹੈ ਕਿ ‘ਕੀ ਥੁੜਿਆ ਪਿਐ ਹੈ ਅਜਿਹੇ ਜੀਣ ਖੁਣੋਂ ?’

ਧਾਰਮਿਕ ਸਕੂਲਾਂ ਵਿੱਚ ਬੱਚੇ ਛੋਟੀ ਦਸਤਾਰ ਸਜਾ ਕੇ ਆਉਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਹਰੇਕ ਸਕੂਲ ਵਿੱਚ ਗੁਰਸਿੱਖ ਬੱਚੇ ਪਟਕੇ ਦੀ ਥਾਂ ਦਸਤਾਰ ਸਜਾ ਕੇ ਆਉਣ। ਦੇਸ਼ਾਂ-ਵਿਦੇਸ਼ਾਂ ਵਿੱਚ ਕਈ ਸਕੂਲਾਂ, ਕਾਲਜਾਂ ਵਿੱਚ ਦਸਤਾਰਧਾਰੀ ਲੜਕਾ ਲੜਕੀ ਨੂੰ ਦਾਖ਼ਲਾ ਵੀ ਨਹੀਂ ਦਿੱਤਾ ਜਾਂਦਾ। ਵਿਦੇਸ਼ਾਂ ਵਿੱਚ ਕਈ ਵਿੱਦਿਅਕ ਅਦਾਰਿਆਂ ਵਿੱਚ ਦਸਤਾਰ ਸਜਾ ਕੇ ਆਉਣ ਦੀ ਮਨਾਹੀ ਹੈ। ਇਸ ਲਈ ਪੰਥ ਦੀਆਂ ਸਿਰਮੌਰ ਜਥੇਬੰਦੀਆਂ ਨੂੰ ਇਸ ਸੰਬੰਧੀ ਆਵਾਜ਼ ਉਠਾ ਕੇ ਦਸਤਾਰ ਦੀ ਮਹਾਨਤਾ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ।

ਸਿੱਖ ਲਈ ਦਸਤਾਰ ਦੀ ਵਿਸ਼ੇਸ਼ ਮਹੱਤਤਾ ਹੈ। ਦਸਤਾਰ ਬੰਨ੍ਹਣ ਲਈ ਸਿੱਖ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦਾ ਹੈ। ਦਸਤਾਰ ਸਿੱਖ ਲਈ ਕੋਈ ਸਧਾਰਨ ਚਿੰਨ੍ਹ ਨਹੀਂ ਸਗੋਂ ਸਿੱਖ ਦੀ ਹਸਤੀ ਇਸ ਨਾਲ ਜੁੜੀ ਹੋਈ ਹੈ। ਅੰਮ੍ਰਿਤਧਾਰੀ ਸਿੰਘ ਦੀ ਜੇਕਰ ਕਿਤੇ ਦਸਤਾਰ ਲੱਥ ਜਾਵੇ ਤਾਂ ਉਹ ਮਰ-ਮਿਟਣ ਲਈ ਮਜ਼ਬੂਰ ਹੋ ਜਾਂਦਾ ਹੈ। ਦਸਤਾਰ ਦੀ ਕਈ ਧਾਰਮਿਕ ਸਮਾਗਮਾਂ, ਧਰਨਿਆਂ, ਜਲਸਿਆਂ ਤੇ ਗੁਰਦੁਆਰਿਆਂ ਵਿੱਚ ਖਿੱਚ-ਧੂਹ ਵੀ ਹੁੰਦੀ ਵੇਖੀ ਹੈ। ਦਸਤਾਰ ਸਤਿਗੁਰਾਂ ਵੱਲੋਂ ਬਖ਼ਿਸ਼ਆ ਮਹਾਨ ਚਿੰਨ੍ਹ ਹੈ ਜਿਸ ਨਾਲ ਸਿੱਖ ਲੱਖਾਂ ਦੀ ਗਿਣਤੀ ਵਿੱਚ ਵੀ ਖੜ੍ਹਾ ਪਛਾਣਿਆ ਜਾਂਦਾ ਹੈ। ਗੁਰੂ ਸਾਹਿਬਾਂ ਨੇ ਸਿੱਖਾਂ ਨੂੰ ਕੇਸਾਂ ਅਤੇ ਦਸਤਾਰ ਦਾ ਸਤਿਕਾਰ ਕਰਨ ਦੀ ਪ੍ਰੇਰਣਾ ਦਿੱਤੀ। ਵਿਦੇਸ਼ਾਂ (ਇੰਗਲੈਂਡ) ਵਿੱਚ ਸਿੱਖਾਂ ਦੇ ਧਾਰਮਿਕ ਜ਼ਜਬਾਤਾਂ ਦੀ ਕਦਰ ਕਰਦਿਆਂ ਇਹਨਾਂ ਨੂੰ ਕੇਸ-ਦਾੜ੍ਹੀਆਂ ਰੱਖ ਕੇ, ਦਸਤਾਰ ਸਜਾ ਕੇ, ਨੌਕਰੀ ਕਰਨ, ਵਾਹਨ ਚਲਾਉਣ ਤੇ ਵਰਦੀ ਪਾਉਣ, ਸਮਾਜਿਕ, ਧਾਰਮਿਕ, ਭਾਈਚਾਰਕ ਇਕੱਠਾਂ ਵਿੱਚ ਜਾਣ ਦੀ ਖੁੱਲ੍ਹ ਦਿੱਤੀ ਹੈ।

ਗੁਰਦੁਆਰਾ ਦਸਤਾਰ ਅਸਥਾਨ ਪਾਉਂਟਾ ਸਾਹਿਬ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ/ਸੇਵਕਾਂ ਵਿੱਚ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਇਆ ਕਰਦੇ ਸਨ। ਸਭ ਤੋਂ ਸੁੰਦਰ ਦਸਤਾਰ ਸਜਾਉਣ ਵਾਲੇ ਨੂੰ ਇਨਾਮ ਤੇ ਸਨਮਾਨ ਦਿੰਦੇ ਸਨ।

ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਭਾਈ ਜਗਤਾ (ਬਠਿੰਡਾ) ਵਿਖੇ ਹਰ ਸਾਲ ਭਾਈ ਜਗਤਾ ਰਾਮ, ਮਹੰਤ ਆਸਾ ਸਿੰਘ, ਮਹੰਤ ਤੀਰਥ ਸਿੰਘ, ਸੰਤ ਹਰਪਾਲ ਸਿੰਘ ‘ਸੇਵਾਪੰਥੀ’ ਦੀ ਯਾਦ ਵਿੱਚ ਸਾਲਾਨਾ ਗੁਰਮਤਿ ਸਮਾਗਮ ਤੇ ਯੱਗ-ਭੰਡਾਰੇ ਦੇ ਸ਼ੁੱਭ ਅਵਸਰ ’ਤੇ 12 ਜਨਵਰੀ ਨੂੰ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲਿਆਂ ਨੂੰ ਸਨਮਾਨ ਚਿੰਨ੍ਹ ਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਸੰਤ ਬਾਬਾ ਰਾਮਪਾਲ ਸਿੰਘ ਜੀ ਵੱਲੋਂ ਆਪਣੇ ਪੂਜਨੀਕ ਪਿਤਾ ਸੰਤ ਬਾਬਾ ਗੁਲਜਾਰ ਸਿੰਘ ਜੀ ਦੀ ਸਾਲਾਨਾ ਬਰਸੀ ’ਤੇ ਪਿੰਡ ਝਾਂਡੇ ਜ਼ਿਲ੍ਹਾ ਲੁਧਿਆਣਾ ਵਿਖੇ 3 ਦਸੰਬਰ ਨੂੰ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ । ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲਿਆਂ ਨੂੰ ਸਿਰੋਪਾਉ, ਸਨਮਾਨ ਚਿੰਨ੍ਹ ਤੇ ਕ੍ਰਮਵਾਰ 5100, 3100, 2100 ਰੁਪਏ ਨਕਦ ਰਕਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਹੋਰ ਵੀ ਬਹੁਤ ਸਾਰੇ ਪਿੰਡਾਂ/ਸ਼ਹਿਰਾਂ/ਨਗਰਾਂ ਵਿੱਚ ਵੱਖ-ਵੱਖ ਸਮੇਂ ਤੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ।

ਫਾਜ਼ਿਲਕਾ ਦੇ ਸਰਹੱਦੀ ਪਿੰਡ ਰਾਮਪੁਰਾ ਦਾ ਵਸਨੀਕ ਬਲਜਿੰਦਰ ਸਿੰਘ ਦੀ ਛੋਟੇ ਹੁੰਦਿਆਂ ਟੋਕੇ ’ਚ ਆ ਕੇ ਇੱਕ ਬਾਂਹ ਕੱਟੀ ਗਈ ਸੀ। ਭਾਵੇਂ ਉਹ ਬਾਂਹ ਕੱਟਣ ਤੋਂ ਬਾਅਦ ਦੁਨੀਆਂ ਦੀ ਨਜ਼ਰ ਵਿੱਚ ਅਪਾਹਜ ਹੋ ਗਿਆ ਪਰ ਉਸ ਨੇ ਆਪਣੀ ਮਾਨਸਿਕਤਾ ਅਤੇ ਜਜ਼ਬੇ ਨੂੰ ਅਪਾਹਜ ਨਹੀਂ ਹੋਣ ਦਿੱਤਾ। ਇਲਾਕੇ ਵਿੱਚ ਵੀ ਦਸਤਾਰ ਸੈਂਟਰ ਨਾ ਹੋਣ ਕਾਰਨ ਦੋਸਤਾਂ ਦੇ ਕਹਿਣ ਤੇ ਸੰਨ 2016 ’ਚ ਫਾਜ਼ਿਲਕਾ ਵਿੱਚ ਦੋਸਤ ਗੁਰਜੀਤ ਸਿੰਘ ਨਾਲ ਦਸਤਾਰ ਸੈਂਟਰ ਦੀ ਸ਼ੁਰੂਆਤ ਕੀਤੀ ਜਿੱਥੇ ਲੋਕਾਂ ਨੇ ਉਸ ਨੂੰ ਵਨ- ਹੈਂਡ ਆਰਟਿਸਟ ਕਹਿਣਾ ਸ਼ੁਰੂ ਕਰ ਦਿੱਤਾ। ਉਹ ਬਾਹਰਲੇ ਸੂਬਿਆਂ ਵਿੱਚ ਜਾ ਕੇ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਪ੍ਰੇਰਿਤ ਕਰ ਰਿਹਾ ਹੈ। ਅਤੇ ਉਸ ਨੇ ਅਨੇਕਾਂ ਲੋਕਾਂ ਨੂੰ ਦਸਤਾਰ ਸਜਾਉਣੀ ਸਿਖਾਈ । ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾ ਕੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਨਾਲ ਜੋੜੋ ਤੇ ਦਸਤਾਰ ਦੀ ਮਹਾਨਤਾ ਬਾਰੇ ਵਿਦਿਆਰਥੀਆਂ/ਬੱਚਿਆਂ ਨੂੰ ਜਾਣੂੰ ਕਰਵਾਉ।

ਦਸਤਾਰ ਸਿੱਖ ਦੀ ਆਨ, ਸ਼ਾਨ, ਪਹਿਚਾਨ ਤੇ ਈਮਾਨ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਫ਼ਰੀਦਕੋਟ-ਸ਼੍ਰੀ ਮੁਕਤਸਰ ਸਾਹਿਬ-ਬਠਿੰਡਾ ਜੋਨ ਵੱਲੋਂ ਹਰ ਸਾਲ ਦਸਤਾਰ ਦਿਵਸ ਤੋਂ ਹਫ਼ਤਾ-ਦਸ ਦਿਨ ਪਹਿਲਾਂ ‘ਦਸਤਾਰ ਚੇਤਨਾ ਮਾਰਚ’ ਕੱਢਿਆ ਜਾਂਦਾ ਹੈ। ਚੇਤਨਾ ਮਾਰਚ ਵਿੱਚ ‘ਜੇ ਤਖ਼ਤ ਨਹੀਂ ਤਾਜ਼ ਨਹੀਂ ਤਾਂ ਕਿੰਗ ਨਹੀਂ, ਜੇ ਕੇਸ ਨਹੀਂ ਦਸਤਾਰ ਨਹੀਂ ਤਾਂ ਸਿੰਘ ਨਹੀਂ’ ‘ਸਾਡੀ ਪੱਗ ਨਾਲ ਵੱਖਰੀ ਪਛਾਣ ਜੱਗ ਤੇ, ਕੀਤਾ ਪੱਗ ਨੇ ਹੈ ਉੱਚਾ ਸਾਡਾ ਮਾਣ ਜੱਗ ’ਤੇ ‘ਸੋਹਣੇ ਕੇਸ ਸਿਰ ਦਸਤਾਰ ਕਲਗੀਧਰ ਦਾ ਬਣ ਸਰਦਾਰ’, ਸਿਰ ਤੇ ਸੋਹੇ ਸੋਹਣੀ ਦਸਤਾਰ, ਉੱਚਾ ਸੁੱਚਾ ਸਾਡਾ ਕਿਰਦਾਰ’, ‘ਦਸਤਾਰ ਨਹੀਂ ਤਾਂ ਸਰਦਾਰ ਨਹੀਂ’ ਸਟੀਕਰ ਤੇ ਗੁਰਮਤਿ ਸਾਹਿਤ ਵੀ ਵੱਡੀ ਤਾਦਾਦ ਵਿੱਚ ਵੰਡਿਆ ਜਾਂਦਾ ਹੈ। ਪਿੰਡਾਂ ਦੇ ਸਾਬਤ ਸੂਰਤ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।

ਅੱਜ ਤੋਂ ਪੁਰਾਣੇ ਸਮੇਂ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਮਾਵਾਂ ਆਪਣੇ ਬੱਚਿਆਂ ਦੀਆਂ ਦਸਤਾਰਾਂ ਚੁੰਮਦੀਆਂ ਹੋਈਆਂ ਬੱਚਿਆਂ ਦੀ ਸੋਹਣੀ ਦਸਤਾਰ ਤੇ ਮਾਣ ਕਰਦੀਆਂ ਸਨ ਪਰ ਉਸ ਦੇ ਬਿਲਕੁਲ ਉਲਟ ਅੱਜ ਦੀਆਂ ਮਾਵਾਂ ਬੱਚਿਆਂ ਦੇ ਕੇਸਾਂ ਨੂੰ ਸੰਭਾਲਣਾ ਵੀ ਬੋਝ ਸਮਝਦੀਆਂ ਹਨ। ਅੱਜ ਦੇ ਮਾਵਾਂ ਨੂੰ ਕਿੱਟੀ-ਪਾਰਟੀਆਂ, ਟੀ.ਵੀ. ਸੀਰੀਅਲਾਂ ਦੇ ਮਜ਼ੇ ਲੈਣ ਤੋਂ ਹੀ ਵਿਹਲ ਨਹੀਂ ਮਿਲਦੀ। ਉਹ ਆਪਣੇ ਬੱਚਿਆਂ ਨੂੰ ਸਿੱਖੀ ਸਰੂਪ ਵਾਲਿਆਂ ਦੀ ਦਾਸਤਾਨ ਅਤੇ ਕੁਰਬਾਨੀ ਕਿਵੇਂ ਸੁਣਾ ਸਕਦੀਆਂ ਹਨ। ਅੱਜ ਲੋੜ ਹੈ, ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ।

ਗੁਰਮਤਿ ਵਿੱਚ ਦਸਤਾਰ ਦੀ ਵਿਸ਼ੇਸ਼ ਮਹਾਨਤਾ ਹੈ। ‘ਸਾਬਤ ਸੂਰਤ ਦਸਤਾਰ ਸਿਰਾ’। ਦਸਤਾਰ ਬੰਨ੍ਹਣੀ ਸਿਖਾਉਣ ਲਈ ਅੱਜ ਬਜ਼ਾਰਾਂ ਵਿੱਚ ਥਾਂ-ਥਾਂ ਦੁਕਾਨਾਂ ਖੁੱਲ੍ਹੀਆਂ ਹੋਈਆਂ ਹਨ। ਬੱਚੇ, ਨੌਜਵਾਨ ਸੋਹਣੀ ਤੇ ਸੁੰਦਰ ਦਸਤਾਰ ਬੰਨ੍ਹਣ ਲਈ ਮਾਇਆ ਵੀ ਖ਼ਰਚ ਕਰਦੇ ਹਨ।

ਪੂਰੀ ਦੁਨੀਆਂ ਨੂੰ ਦਸਤਾਰ ਦੀ ਮਹੱਤਤਾ ਬਾਰੇ ਜਾਣੂ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਬਜਟ ਵਿੱਚ ਖਾਲਸੇ ਦੀ ਜਨਮ-ਭੂਮੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ’ਦਸਤਾਰ ਅਜਾਇਬ ਘਰ’ ਬਣਾਉਣ ਦੀ ਚੋਣ ਕੀਤੀ ਗਈ ਹੈ । ਦਸਤਾਰ ਅਜਾਇਬ ਘਰ ਦੀ ਇਮਾਰਤ ਦਾ ਡਿਜ਼ਾਈਨ ਵੀ ਦਸਤਾਰ ਦੀ ਤਰ੍ਹਾਂ ਦਾ ਹੋਵੇਗਾ । ਅਜਾਇਬ ਘਰ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਦਸਤਾਰਾਂ ਦਾ ਮਹੱਤਵ ਦਰਸਾਇਆ ਜਾਵੇਗਾ। ਪਟਿਆਲਾ ਸ਼ਾਹੀ ਦਸਤਾਰ, ਨਿਹੰਗ ਸਿੰਘਾਂ ਦੇ ਸਿਰ ਦਾ ਤਾਜ ਦੁਮਾਲਾ, ਪਗੜੀ ਅਤੇ ਵੱਖ-ਵੱਖ ਧਰਮਾਂ ਵਿੱਚ ਸਿਰਾਂ ਉੱਤੇ ਬੰਨੀਆਂ ਜਾਣ ਵਾਲੀ ਦਸਤਾਰਾਂ ਅਤੇ ਉਹਨਾਂ ਦਾ ਮਹੱਤਵ ਦੱਸਿਆ ਜਾਵੇਗਾ ।

ਦਸਤਾਰ ਸੰਬੰਧੀ ਗੁਰਦੁਆਰਿਆਂ/ਧਾਰਮਿਕ ਜਥੇਬੰਦੀਆਂ/ਸੰਪਰਦਾਵਾਂ ਨੂੰ ਹੇਠ ਲਿਖੇ ਨੁਕਤਿਆਂ ਤੇ ਧਿਆਨ ਦੇਣ ਦੇ ਲੋੜ ਹੈ।

1. ਦਸਤਾਰ ਦਿਵਸ ’ਤੇ ਹਰ ਸਾਲ 13 ਅਪ੍ਰੈਲ ਨੂੰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣ ਅਤੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਦਸਤਾਰਾਂ ਦਿੱਤੀਆਂ ਜਾਣ।
2. ਹਰੇਕ ਗੁਰਦੁਆਰੇ ਵਿੱਚ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ ਜਾਵੇ, ਜਿਸ ਦਾ ਪ੍ਰਬੰਧ ਗੁਰਦੁਆਰਾ ਮੈਨੇਜਮੈਂਟ ਵੱਲੋਂ ਕੀਤਾ ਜਾਵੇ।
3. ਛੋਟੇ-ਛੋਟੇ ਬੱਚਿਆਂ ਨੂੰ ਬਚਪਨ ਤੋਂ ਹੀ ਦਸਤਾਰ ਸਜਾਉਣ ਤੇ ਗੁਰਸਿੱਖੀ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਜਾਵੇ।
4. ਗੁਰਦੁਆਰਿਆਂ/ਸੰਪਰਦਾਵਾਂ ਵਿੱਚ ਦਸਤਾਰ ਸਜਾਉਣ ਦੀ ਸਿਖਲਾਈ ਮੁਫ਼ਤ ਦਿੱਤੀ ਜਾਵੇ ਅਤੇ ਦਸਤਾਰ ਦੀ ਮਹਾਨਤਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇ।
5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਭਾਵਾਂ, ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਦਸਤਾਰ ਦਿਵਸ ’ਤੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣ। ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲਿਆਂ ਨੂੰ ਸਿਰੋਪਾਉ, ਸਨਮਾਨ ਚਿੰਨ੍ਹ ਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇ।

ਅੱਜ 12 ਅਪ੍ਰੈਲ ਨੂੰ ਦਸਤਾਰ ਦਿਵਸ ’ਤੇ ਹਰ ਗੁਰਸਿੱਖ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਗੁੰਮਰਾਹ ਹੋਏ ਨੌਜਵਾਨਾਂ ਨੂੰ ਪ੍ਰੇਰ ਕੇ ਸਿੱਖੀ ਸਰੂਪ ਵਿੱਚ ਸ਼ਾਮਲ ਕਰੇਗਾ ਤੇ ਦਸਤਾਰ ਸਜਾਉਣ ਲਈ ਪ੍ਰੇਰਿਤ ਕਰੇ।

**-ਕਰਨੈਲ ਸਿੰਘ ਐੱਮ.ਏ.**
**#1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋੜ੍ਹ, ਜਮਾਲਪੁਰ, ਲੁਧਿਆਣਾ**

### ਕਿਹਾ: ਪ੍ਰਧਾਨਮੰਤਰੀ ਨੇ ਦੇਸ਼ ਨੂੰ ਆਤਮ ਨਿਰਭਰ ਭਾਰਤ, ਗਰੀਬੀ ਹਟਾਓ, ਧਾਰਾ 370, ਰਾਮ ਮੰਦਰ, ਸੰਸਕ੍ਰਿਤ ਜਾਗ੍ਰਿਤੀ, ਅੱਤਵਾਦ ਦਾ ਖਾਤਮਾ, ਖੁਸ਼ਹਾਲੀ ਦਿੱਤੀ ਤਾਂ ਕਾਂਗਰਸ ਨੇ ਕੀ ਦਿੱਤਾ ?

# ਭਾਜਪਾ ਮਹਿਲਾ ਮੋਰਚਾ ਦੀ ਪੁਕਾਰ, ਤਰਨਜੀਤ ਸਮੁੰਦਰੀ ਇਸ ਵਾਰ: ਸ਼ਰੂਤੀ ਵਿੱਜ

**ਅੰਮ੍ਰਿਤਸਰ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਮਹਿਲਾ ਮੋਰਚਾ ਅੰਮ੍ਰਿਤਸਰ ਦੀ ਪ੍ਰਧਾਨ ਸ਼ਰੁਤੀ ਵਿਜ ਨੇ ਖੰਨਾ ਸਮਾਰਕ ਭਾਜਪਾ ਦਫਤਰ ਵਿਖੇ ਮਹਿਲਾ ਮੋਰਚਾ ਦੀ ਭਰਵੀਂ ਮੀਟਿੰਗ ਦੌਰਾਨ ਨਾਅਰਾ ਦਿੰਦਿਆਂ ਕਿਹਾ ਕਿ “ਮਹਿਲਾ ਮੋਰਚਾ ਕੀ ਪੁਕਾਰ, ਤਰਨਜੀਤ ਸਮੁੰਦਰੀ ਇਸ ਵਾਰ।” ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਆਮ ਚੋਣਾਂ ਵਿੱਚ ਭਾਜਪਾ ਮਹਿਲਾ ਮੋਰਚਾ ਅੰਮ੍ਰਿਤਸਰ ਤੋਂ ਲੋਕ ਸਭਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੂੰ ਬਹੁਮਤ ਨਾਲ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਜ਼ਿਲ੍ਹਾ ਜਨਰਲ ਸਕੱਤਰ ਅਤੇ ਭਾਜਪਾ ਮਹਿਲਾ ਮੋਰਚਾ ਇੰਚਾਰਜ ਸੰਜੀਵ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ।

ਸ਼ਰੂਤੀ ਵਿਜ ਨੇ ਕਿਹਾ ਕਿ ਭਾਰਤ ਦੇ ਯਸ਼ਸ਼ਵੀ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਨੇ ਪਿਛਲੇ 10 ਸਾਲਾਂ ਵਿੱਚ ਭਾਰਤ ਨੂੰ ਆਤਮ-ਨਿਰਭਰ ਭਾਰਤ, ਗਰੀਬੀ ਹਟਾਓ, ਧਾਰਾ 370, ਰਾਮ ਮੰਦਰ, ਸੰਸਕ੍ਰਿਤ ਜਾਗ੍ਰਿਤੀ, ਅੱਤਵਾਦ ਦਾ ਖਾਤਮਾ, ਖੁਸ਼ਹਾਲੀ ਆਦਿ ਲਈ ਬਹੁਤ ਕੁਝ ਦਿੱਤਾ ਹੈ ਅਤੇ ਭਾਰਤ ਦੁਨੀਆ ਦਾ ਮੋਹਰੀ ਦੇਸ਼ ਬਣ ਗਿਆ ਹੈ। ਉਨ੍ਹਾਂ ਦੇਸ਼ ਨੂੰ ਵਿਸ਼ਵ ਦੀ ਪੰਜਵੀਂ ਅਰਥਵਿਵਸਥਾ ਬਣਾ ਕੇ ਦੁਨੀਆ ’ਚ ਭਾਰਤ ਦੀ ਪਛਾਣ ਬਣਾਈ ਹੈ। ਜਦਕਿ ਕਾਂਗਰਸ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਨੇ ਪਿਛਲੇ 70 ਸਾਲਾਂ ’ਚ ਭ੍ਰਿਸ਼ਟਾਚਾਰ, ਅੱਤਵਾਦ, ਗਰੀਬੀ, ਭੁੱਖਮਰੀ, ਕਰਜ਼ਾ, ਜਾਤੀਵਾਦ ਆਦਿ ਨਾਲ ਭਾਰਤ ਨੂੰ ਹਰ ਪੱਖੋਂ ਹੇਠਾਂ ਲਿਆਉਣ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਵਿੱਚ ਭਾਜਪਾ ਦੀ ਸਰਕਾਰ ਬਣ ਰਹੀ ਹੈ ਅਤੇ ਇਸ ਦੌਰਾਨ ਭਾਰਤ ਲਈ ਬਹੁਤ ਹੀ ਮਹੱਤਵਪੂਰਨ ਫੈਸਲੇ ਲਏ ਜਾਣੇ ਹਨ। ਮੈਂ ਅੰਮ੍ਰਿਤਸਰ ਵਾਸੀਆਂ ਨੂੰ ਅਪੀਲ ਕਰਦੀ ਹਾਂ ਕਿ ਉਹ ਪਿਛਲੀਆਂ ਗਲਤੀਆਂ ਨੂੰ ਦੁਹਰਾਉਣ ਦੀ ਬਜਾਏ ਇਸ ਵਾਰ ਸੂਝਵਾਨ, ਪੜ੍ਹੇ-ਲਿਖੇ, ਦੂਰਅੰਦੇਸ਼ੀ, ਕਾਬਲ, ਸਿਆਸੀ ਅਤੇ ਕੂਟਨੀਤਕ ਮਾਹਿਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੀ ਕੋਸ਼ਿਸ਼ ਸਦਕਾ ਅੰਤਰਰਾਸ਼ਟਰੀ ਪੱਧਰ ’ਤੇ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਸੁਧਰੇ। ਉਨ੍ਹਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੂੰ ਜਿਤਾ ਕੇ ਅੰਮ੍ਰਿਤਸਰ ਦੀ ਆਵਾਜ਼ ਬਣਾਉਣਾ ਚਾਹੀਦਾ ਹੈ ਤਾਂ ਜੋ ਅੰਮ੍ਰਿਤਸਰ ਵੀ ਵਿਕਾਸ ਦੀ ਲੀਹ ’ਤੇ ਤੁਰ ਸਕੇ। ਇਸ ਮੌਕੇ ਸੰਜੀਵ ਕੁਮਾਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਤਰਫੋਂ ਬਹੁਤ ਹੀ ਹੁਨਰਮੰਦ ਸ਼ਖਸੀਅਤ ਤਰਨਜੀਤ ਸਿੰਘ ਸੰਧੂ ਨੂੰ ਲੋਕ ਸਭਾ ਉਮੀਦਵਾਰ ਬਣਾਇਆ ਗਿਆ ਹੈ। ਅੰਮ੍ਰਿਤਸਰ ਦੇ ਲੋਕ ਵਿਕਾਸ ਦੇ ਨਾਂ ’ਤੇ ਵੋਟਾਂ ਪਾ ਕੇ ਤਰਨਜੀਤ ਸਿੰਘ ਸੰਧੂ ਨੂੰ ਚੁਣ ਕੇ ਲੋਕ ਸਭਾ ’ਚ ਭੇਜਣ ਤਾਂ ਜੋ ਅੰਮ੍ਰਿਤਸਰ ਦੇ ਰੁਕੇ ਹੋਏ ਅਤੇ ਅਧੂਰੇ ਪਏ ਕੰਮਾਂ ਨੂੰ ਜਲਦੀ ਪੂਰਾ ਕੀਤਾ ਜਾ ਸਕੇ। ਇਸ ਮੌਕੇ ਮਹਿਲਾ ਮੋਰਚਾ ਵਿੱਚ ਨਵ-ਨਿਯੁਕਤ ਮਹਿਲਾ ਵਰਕਰਾਂ ਮਨਦੀਪ ਕੌਰ, ਕਿਰਨ ਵਿੱਗ, ਸਨੇਹ ਲਤਾ ਆਦਿ ਨੂੰ ਮਹਿਲਾ ਮੋਰਚਾ ਵਿੱਚ ਸਕੱਤਰ ਨਿਯੁਕਤ ਕਰਕੇ ਪਾਰਟੀ ਦਾ ਆਧਾਰ ਹੋਰ ਮਜ਼ਬੂਤ ਕਰਨ ਲਈ ਨਿਯੁਕਤੀ ਪੱਤਰ ਦਿੱਤੇ ਗਏ। ਇਸ ਮੌਕੇ ਡੌਲੀ ਭਾਟੀਆ, ਜਨਕ ਜੋਸ਼ੀ, ਮਨਜੀਤ ਚੰਡੋਕ, ਸੋਨੀਆ ਮੱਲੀ, ਰਿੰਪੀ ਰਾਜਪੂਤ, ਪਰਵੀਨ, ਮੋਨਿਕਾ ਸ੍ਰੀਧਰ, ਕਮਲੇਸ਼, ਨੇਹਾ, ਮੋਨਾ ਗਰੋਵਰ, ਮੋਨਿਕਾ, ਕੀਰਤੀ, ਸੀਮਾ ਕੁਮਾਰੀ, ਗੀਟਾ, ਗੀਨਾ, ਪੁਸ਼ਪਾ ਪਿੰਕੀ, ਪ੍ਰਿਅੰਕਾ, ਡਿੰਪਲ, ਸੁਨੀਤਾ ਆਦਿ ਹਾਜ਼ਰ ਸਨ।



ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਮੇਤ ਦੇਸ਼ ਵਿਦੇਸ਼ ਵਿੱਚੋਂ ਪੁੱਜਣਗੇ ਪ੍ਰਚਾਰਕ ਜਥੇ

# ਵਿਸਾਖੀ ਪੁਰਬ 13 ਅਪ੍ਰੈਲ ਨੂੰ ਧੂਮਧਾਮ ਨਾਲ ਕਲੰਦਰੀ ਗੇਟ ਕਰਨਾਲ ਵਿਖੇ ਜਾਵੇਗਾ ਮਨਾਇਆ - ਇੰਦਰਪਾਲ ਸਿੰਘ





ਖਾਲਸਾ ਪੰਥ ਦਾ ਸਿਰਜਣਾ ਦਿਵਸ ਵਿਸਾਖੀ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਮੁੱਖ ਪ੍ਰੋਗਰਾਮ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਡੇਰਾ ਕਾਰ ਸੇਵਾ ਕਲੰਦਰੀ ਗੇਟ ਦੇ ਪ੍ਰਮੁੱਖ ਜਥੇਦਾਰ ਬਾਬਾ ਸੁੱਖਾ ਸਿੰਘ ਜੀ ਅਤੇ ਗੁਰਪੁਰਬ ਪ੍ਰਬੰਧਕ ਕਮੇਟੀ ਵਲੋਂ 13 ਅਪ੍ਰੈਲ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਡੇਰਾ ਕਾਰ ਸੇਵਾ ਕਲੰਦਰੀ ਗੇਟ ਕਰਨਾਲ ਵਿਖੇ ਮਨਾਇਆ ਜਾਵੇਗਾ ਇਸ ਮੌਕੇ 'ਤੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਅਤੇ ਜਥੇਦਾਰ ਭੂਪਿੰਦਰ ਸਿੰਘ ਅਸੰਧ ਪ੍ਰਧਾਨ ਹਰਿਆਣਾ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ, ਭਾਈ ਗੁਰਸੇਵਕ ਸਿੰਘ ਰੰਗੀਲਾ ਦਾਦੂ ਸਾਹਿਬ ਗੁਰੂ ਦੀ ਮਹਿਮਾ ਅਤੇ ਪੰਥ ਨੂੰ ਸੰਬੋਧਿਤ ਕਰਨਗੇ, ਇਹ ਜਾਣਕਾਰੀ ਗੁਰਪੁਰਬ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਇੰਦਰਪਾਲ ਸਿੰਘ ਨੇ ਮੀਡੀਆ ਨੂੰ ਦਿੱਤੀ ਇੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਮੌਕੇ ਦੇਸ਼ ਵਿਦੇਸ਼ ਚੋਂ ਪੁੱਜੇ ਪੰਥ ਪ੍ਰਸਿੱਧ ਰਾਗੀ ਢਾਡੀ ਪ੍ਰਚਾਰਕ ਸਿੱਖ ਸੰਗਤਾਂ ਨੂੰ ਗੁਰਬਾਣੀ ਗੁਰ ਇਤਿਹਾਸ ਨਾਲ ਜੋੜਨਗੇ ਇਸ ਸਮੇਂ ਦਸਤਾਰ ਸਿਖਲਾਈ ਕੈਂਪ ਵੀ ਲਗਾਇਆ ਜਾਵੇਗਾ ਅਤੇ ਅੰਮ੍ਰਿਤ ਅਭਿਲਾਖੀਆਂ ਲਈ ਵਿਸ਼ੇਸ਼ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ ਉਨਾਂ ਕਿਹਾ ਕਿ ਇਸ ਵੇਲੇ ਦੇਸ਼ ਵਿਦੇਸ਼ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਜਥੇਦਾਰ ਦਾਦੂਵਾਲ ਜੀ ਸਿੱਖ ਸੰਗਤਾਂ ਦੇ ਵਿਸ਼ੇਸ਼ ਸੱਦੇ ਤੇ ਪੁੱਜ ਕੇ ਸੰਗਤਾਂ ਨੂੰ ਗੁਰਬਾਣੀ ਗੁਰ ਇਤਿਹਾਸ ਗੁਰਮਤਿ ਵਿਚਾਰਾਂ ਨਾਲ ਨਿਹਾਲ ਕਰਨਗੇ।

ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਥ ਦੀ ਚੜ੍ਹਦੀ ਕਲ੍ਹਾ ਲਈ

# ਗੁਰਮਤਿ ਸਮਾਗਮ ਕਰਵਾਇਆ ਗਿਆ



**ਜੰਡਿਆਲਾ ਗੁਰੂ, 11 ਅਪ੍ਰੈਲ (ਕੁਲਵੰਤ ਸਿੰਘ ਵਿਰਦੀ)**-ਪੰਜਾਬ ਭਰ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕਿ ਵੱਖ ਵੱਖ ਜਥੇਬੰਦੀਆਂ ਅਤੇ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਵੱਲੋਂ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਦੇ ਚੱਲਦਿਆਂ ਸ਼ਹੀਦ ਬਾਬਾ ਸੁੱਧਾ ਸਿੰਘ ਅਕੈਡਮੀ ਦੇ ਸੰਚਾਲਕ ਭਾਈ ਹਰਦੇਵ ਸਿੰਘ ਜੀ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਪਿੰਡ ਦਕੋਹਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਸ਼ਹੀਦ ਬਾਬਾ ਸੁੱਧਾ ਸਿੰਘ ਜੀ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਤੇ ਪੰਥ ਦੀ ਚੜ੍ਹਦੀ ਕਲ੍ਹਾ ਲਈ ਅਤੇ ਕਿਸਾਨੀ ਮੋਰਚੇ ਦੀ ਚੜ੍ਹਦੀ ਕਲ੍ਹਾ ਲਈ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਸਦਕਾ ਅਤੇ ਭਾਈ ਗੁਰਦੀਪ ਸਿੰਘ ਦੇ ਸਹਿਯੋਗ ਨਾਲ ਕਰਵਾਇਆ ਗਿਆ ਜਿਸ ਵਿੱਚ ਸ਼ਹੀਦ ਬਾਬਾ ਸੁੱਧਾ ਸਿੰਘ ਜੀ ਗੁਰਮਤਿ ਅਕੈਡਮੀ ਵਿੱਚ ਰੋਜ਼ਾਨਾ ਗੁਰਮਤਿ ਦੀਆਂ ਕਲਾਸਾਂ ਲਗਾਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਕੂਲ ਬੈਗ ਕਾਪੀਆਂ ਜੁਮੈਟਰੀ ਬੌਕਸ ਆਦਿ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਭਾਈ ਇੰਦਰਜੀਤ ਸਿੰਘ ਸਰਕਲ ਬਾਬਾ ਬਕਾਲਾ ਸਾਹਿਬ, ਭਾਈ ਰਘਬੀਰ ਸਿੰਘ, ਭਾਈ ਸ਼ਮਸ਼ੇਰ ਸਿੰਘ, ਭਾਈ ਸੁਖਵਿੰਦਰ ਸਿੰਘ ਸਤਨਾਮ ਸਿੰਘ ਜਗਜੀਤ ਸਿੰਘ ਸੁਖਚੈਨ ਸਿੰਘ ਗ੍ਰੰਥੀ ਕਰਨੈਲ ਸਿੰਘ ਜੀ ਆਦਿ ਹਾਜ਼ਰ ਸਨ।

**ਸ਼ਹੀਦ ਬਾਬਾ ਸੁੱਧਾ ਸਿੰਘ ਜੀ ਅਕੈਡਮੀ ਚ ਗੁਰਮਤਿ ਦੀ ਵਿੱਦਿਆ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਦਿੱਤਾ ਗਿਆ ਭਾਈ ਹਰਦੇਵ ਸਿੰਘ**

# ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਦੀ ਗ੍ਰਿਫਤਾਰੀ ਦੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਵਿੰਗ ਵਲੋਂ ਸਖਤ ਨਿੰਦਾ



**ਨਵੀਂ ਦਿੱਲੀ 11 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਅਕਾਲੀ ਦਲ ਦੇ ਨੌਜਵਾਨ ਆਗੂ ਰਮਨਦੀਪ ਸਿੰਘ ਸੋਨੂੰ ਫੁਲ ਨੇ ਮੀਡੀਆ ਨੂੰ ਜਾਰੀ ਬਿਆਨ 'ਚ ਦਸਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਵਾਰਿਸ ਪੰਜਾਬ ਦੇ ਜੱਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ ਅਤੇ ਦੂਜੇ ਸਿੰਘਾਂ ਦੇ ਪਰਵਾਰਕ ਮੈਂਬਰਾਂ ਨੂੰ ਹਿਰਾਸਤ ਵਿਚ ਲੈ ਕੇ ਲੋਕਤਾਂਤਰਿਕ ਮਰਿਆਦਾ ਨੂੰ ਤਾਰ ਤਾਰ ਕੀਤਾ ਹੈ । ਉਨ੍ਹਾਂ ਦਸਿਆ ਕਿ ਮਾਤਾ ਬਲਵਿੰਦਰ ਕੌਰ ਨੇ ਭਾਈ ਅੰਮ੍ਰਿਤਪਾਲ ਸਿੰਘ ਤੇ ਉਸ ਨਾਲ ਨਜ਼ਰਬੰਦ ਦੂਜੇ ਬੰਦੀਆਂ ਨੂੰ ਡਿਬਰੂਗੜ੍ਹ ਆਸਾਮ ਦੀ ਜੇਲ੍ਹ ਤੋਂ ਪੰਜਾਬ ਵਾਪਸ ਲਿਆਉਣ ਦੀ ਮੰਗ ਲਈ 22 ਫਰਵਰੀ ਤੋਂ ਸ਼੍ਰੀ ਦਰਬਾਰ ਸਾਹਿਬ ਵਲ ਜਾਂਦੀ ਵਿਰਾਸਤੀ ਗਲੀ ਚ ਮੋਰਚਾ ਲਾਇਆ ਸੀ ।ਮਾਤਾ ਬਲਵਿੰਦਰ ਕੌਰ ਨੇ ਇਸ ਮੰਗ ਲਈ ਬੀਤੇ ਦਿਨ ਇਹਨਾਂ ਤਖਤ ਸ਼੍ਰੀ ਦਮਦਮਾ ਸਾਹਿਬ ਤੋਂ ਸ਼੍ਰੀ ਅਕਾਲ ਤਖਤ ਸਾਹਿਬ ਤੱਕ ਚੇਤਨਾ ਮਾਰਨ ਸ਼ੁਰੂ ਕਰਨਾ ਸੀ, ਇਸ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤੇ ਪੰਜਾਬ ਪੁਲਿਸ ਨੇ ਸਾਰਿਆਂ ਨੂੰ ਗੋਲਡਨ ਗੇਟ ਅੰਮ੍ਰਿਤਸਰ ਤੋਂ ਹਿਰਾਸਤ ਵਿਚ ਲੈ ਲਿਆ ।

ਸੋਨੂੰ ਫੁਲ ਨੇ ਦਸਿਆ ਕਿ ਇਕ ਪਾਸੇ ਭਗਵੰਤ ਮਾਨ ਤੇ ਸਾਰੀ ਆਪ ਲੀਡਰਸ਼ਿਪ ਦੇਸ਼ ਵਿਚ ਧਰਨੇ ਵਰਤ ਰੱਖ ਕੇ ਈਡੀ ਵਲੋਂ ਦਿੱਲੀ ਦੇ ਮੁਖ ਮੰਤਰੀ ਦੀ ਗ੍ਰਿਫਤਾਰੀ ਨੂੰ ਲੋਕਤਾਂਤਰਿਕ ਮਰਿਆਦਾ ਖਿਲਾਫ ਦੱਸ ਰਹੀ ਹੈ, ਪ੍ਰੰਤੂ ਦੂਜੇ ਪਾਸੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਡਿਬਰੂਗੜ੍ਹ ਜੇਲ੍ਹ 'ਚੋਂ ਬੰਦੀਆਂ ਨੂੰ ਪੰਜਾਬ ਦੀ ਜੇਲ 'ਚ ਲਿਆਉਣ ਦੀ ਮੰਗ ਲਈ ਚੇਤਨਾ ਮਾਰਚ ਕੱਢਣ ਦੀ ਲੋਕਤਾਂਤਰਿਕ ਮੰਗ ਨੂੰ ਕੁਚਲ ਕੇ ਜੋ ਸੰਵਿਧਾਨ ਦੀ ਮਰਿਆਦਾ ਨੂੰ ਤਾਰ ਤਾਰ ਆਪ ਸਰਕਾਰ ਕਰ ਰਹੀ ਹੈ, ਉਹ ਆਮ ਆਦਮੀ ਪਾਰਟੀ ਨੂੰ ਸੇਵਾ ਲੱਗ ਰਿਹਾ ਹੈ ।ਸ਼੍ਰੋਮਣੀ ਅਕਾਲੀ ਦਲ ਇਸ ਗ੍ਰਿਫਤਾਰੀ ਦੀ ਸਖਤ ਨਿੰਦਾ ਕਰਦਾ ਹੈ ।

# ਜਨ ਕਲਿਆਣ ਸੰਗਠਨ ਵੱਲੋਂ ਵੈਸਾਖੀ ਤੇ ਕਰਵਾਇਆ ਰਾਸ਼ਟਰ ਰੱਖਿਆ ਸੰਕਲਪ ਪ੍ਰੋਗਰਾਮ



**ਚੌਕ ਮਹਿਤਾ, 11 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਜਨ ਕਲਿਆਣ ਸੰਗਠਨ ਅਤੇ ਫ੍ਰੀ ਪਰਿਵਾਰ ਪਰਾਮਰਸ਼ ਕੇਂਦਰ ਵੱਲੋਂ ਵੈਸਾਖੀ ਦੇ ਤਿਉਹਾਰ ਤੇ ਰਾਸ਼ਟਰ ਰੱਖਿਆ ਸੰਕਲਪ ਜਕਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿਚ ਦੋਨਾਂ ਸੰਸਥਾਵਾ ਦੀ ਸੰਸਥਾਪਕ ਰਾਸ਼ਟਰਪਤੀ ਪੁਰਸਕਾਰ ਪ੍ਰਾਪਤ ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਵੈਸਾਖੀ ਉਮੰਗ, ਤਰੰਗ ਅਤੇ ਉਤਸਾਹ ਦਾ ਤਿਉਹਾਰ ਹੈ। ਵੈਸਾਖੀ ਸ਼ਹੀਦਾਂ ਦੀ ਸ਼ਹਾਦਤ ਦਾ ਅਮਰ ਸੰਦੇਸ਼ ਹੈ। 13 ਅਪ੍ਰੈਲ 1919 ਸੰਨ ਵਿੱਚ ਸਾਨੂੰ ਅੰਗ੍ਰੇਜ਼ਾਂ ਵੱਲੋਂ ਕੀਤੇ ਜਲਿਯਾਵਾਲੇ ਬਾਗ ਹੱਤਿਆ ਕਾਡ ਦੀ ਯਾਦ ਦਿਵਾਉਦਾ ਹੈ। ਰਾਸ਼ਟਰ ਦੀ ਏਕਤਾ ਦੇਸ਼ ਨੂੰ ਤਾਕਤਵਰ ਕਰਨਾ ਹੀ ਸ਼ਹੀਦਾ ਨੂੰ ਸੱਚੀ ਸ਼ਰਧਾਂਜਲੀ ਹੈ। ਸੁਰਜੀਤ ਕੌਰ, ਅਰਵਿੰਦਰ ਢਿੱਲੋਂ, ਸਤਵਿੰਦਰ ਕੌਰ, ਕੁਲਵੰਤ ਕੌਰ, ਸੁਸ਼ਮਾ ਗੋਇਲ, ਮਹਿੰਦਰ ਕੌਰ ਨੇ ਇਤਹਾਸ ਦੇ ਪੰਨੇ ਪਲਟਦੇ ਹੋਏ ਕਿਹਾ ਕਿ ਦੇਸ਼ ਵਿੱਚ ਅਨੇਕਤਾ ਦੇ ਕਾਰਨ ਹੀ 200 ਸਾਲ ਤੱਕ ਅੰਗ੍ਰੇਜ ਭਾਰਤ ਵਿੱਚ ਰਾਜ ਕਰਦੇ ਰਹੇ। ਅੱਜ ਵੀ ਭਾਰਤ ਜਾਤ-ਪਾਤ, ਧਰਮ, ਭਾਸ਼ਾ ਦੇ ਨਾਮ ਤੇ ਵੰਡਿਆ ਹੋਇਆ ਹੈ ਜਦਕਿ ਰਾਸ਼ਟਰ ਧਰਮ ਹੀ ਸੱਬਤੋਂ ਉਤਮ ਧਰਮ ਹੈ। ਸੁਖਵਿੰਦਰ ਕੌਰ, ਗੁਰਮੀਤ ਕੌਰ, ਬਲਜੀਤ ਕੌਰ, ਸੁਨੀਤਾ ਕੁਮਾਰੀ, ਰਾਜਵਿੰਦਰ ਕੌਰ, ਵਿਪਿਨਪ੍ਰੀਤ ਕੌਰ, ਸੰਗੀਤਾ, ਰੋਜੀ ਨੇ ਦੱਸਿਆ ਕਿ ਅੱਜ ਭ੍ਰਿਸ਼ਟਾਚਾਰ, ਅਤਿਆਚਾਰ ਅਤੇ ਅੱਤਵਾਦ ਦਾ ਜਹਿਰੀਲਾ ਨਾਗ ਸਾਰੇ ਦੇਸ਼ ਨੂੰ ਜਹਿਰੀਲਾ ਬਣਾ ਰਿਹਾ ਹੈ। ਇਸ ਨਾਗ ਨੂੰ ਇੱਕਠੇ ਹੋ ਕੇ ਖਤਮ ਕਰਨਾ ਹੋਵੇਗਾ। ਅੱਜ ਤਾਕਤਵਰ ਭਾਰਤ ਦਾ ਨਿਰਮਾਨ ਕਰਕੇ ਹੀ ਅਸੀ ਆਪਣੇ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰ ਸਕਦੇ ਹਾਂ। ਇਸ ਮੌਕੇ ਸਾਰਿਆਂ ਮੈਂਬਰ ਔਰਤਾਂ ਨੂੰ ਡਾ. ਸਵਰਾਜ ਗਰੋਵਰ ਨੇ ਦੇਸ਼ ਰੱਖਿਆ ਲਈ ਸਮਾਜ ਵਿਚ ਜਾਤ-ਪਤਾ, ਅਮੀਰ-ਗਰੀਬ ਦੀ ਭਾਵਨਾ ਨੂੰ ਮਿਟਾ ਕੇ ਭਾਈਚਾਰਾ ਲਿਆਉਣ ਦਾ ਸੰਕਲਪ ਦਿਵਾਇਆ।

# ਪਾਕਿਸਤਾਨ ਵਿਖੇ ਖਾਲਸਾ ਸਾਜਣਾ ਦਿਵਸ ਦੇ ਸਮਾਗਮਾਂ 'ਚ ਸ਼ਮੂਲੀਅਤ ਕਰਣ ਵਾਲੇ ਸ਼ਰਧਾਲੂਆਂ ਦਾ ਜਥਾ 13 ਅਪ੍ਰੈਲ ਨੂੰ ਸਵੇਰੇ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਹੋਵੇਗਾ ਰਵਾਨਾ



ਨਵੀਂ ਦਿੱਲੀ, 11 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਖਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਨੂੰ ਜਾਣ ਵਾਲੇ ਸ਼ਰਧਾਲੂ 13 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੋਂ ਸਵੇਰੇ 8:30 ਵਜੇ ਰਵਾਨਾ ਹੋਣਗੇ। ਜਿਨ੍ਹਾਂ ਸ਼ਰਧਾਲੂਆਂ ਦੇ ਵੀਜੇ ਲੱਗੇ ਹਨ, ਉਨ੍ਹਾਂ ਨੇ ਅੱਜ ਸ਼੍ਰੋਮਣੀ ਕਮੇਟੀ ਦਫਤਰ ਤੋਂ ਆਪਣੇ ਵੀਜਾ ਲੱਗੇ ਪਾਸਪੋਰਟ ਪ੍ਰਾਪਤ ਕੀਤੇ। ਸ਼੍ਰੋਮਣੀ ਕਮੇਟੀ ਵੱਲੋਂ ਜਥੇ ਦੀ ਅਗਵਾਈ ਮੈਂਬਰ ਸ. ਕੁਲਵੰਤ ਸਿੰਘ ਮੰਨਣ ਨੂੰ ਸੌਂਪੀ ਗਈ ਹੈ, ਜਦਕਿ ਉਨ੍ਹਾਂ ਨਾਲ ਜਥੇ ਦੇ ਡਿਪਟੀ ਲੀਡਰ ਵਜੋਂ ਅੰਤ੍ਰਿੰਗ ਮੈਂਬਰ ਸ. ਅਮਰਜੀਤ ਸਿੰਘ ਭਲਾਈਪੁਰ ਅਤੇ ਮੈਂਬਰ ਸ. ਰਵਿੰਦਰ ਸਿੰਘ ਖਾਲਸਾ ਜਾਣਗੇ। ਅੱਜ ਸ਼ਰਧਾਲੂਆਂ ਨੂੰ ਵੀਜਾ ਲੱਗੇ ਪਾਸਪੋਰਟ ਵੰਡਣ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਕਿਹਾ ਕਿ ਪਾਕਿਸਤਾਨ 'ਚ ਰਹਿ ਗਏ ਸਿੱਖ ਗੁਰਧਾਮਾਂ ਦੇ ਦਰਸ਼ਨਾ ਦੀ ਹਰ ਸਿੱਖ ਦੇ ਮਨ ਅੰਦਰ ਤਾਂਘ ਹੁੰਦੀ ਹੈ ਅਤੇ ਜਥੇ ਵਿਚ ਜਾ ਰਹੇ ਸ਼ਰਧਾਲੂਆਂ ਅੰਦਰ ਉਤਸ਼ਾਹ ਤੇ ਖੁਸ਼ੀ ਹੋਣਾ ਕੁਦਰਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਥੇ ਲਈ ਹਰ ਤਰ੍ਹਾਂ ਦੇ ਲੋੜੀਂਦੇ ਪ੍ਰਬੰਧ ਕਰ ਲਏ ਗਏ ਹਨ ਅਤੇ 13 ਅਪ੍ਰੈਲ ਨੂੰ ਸਵੇਰੇ ਸੰਗਤ ਨੂੰ ਪੰਥਕ ਰਵਾਇਤਾਂ ਅਨੁਸਾਰ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਰਵਾਨਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 1525 ਸ਼ਰਧਾਲੂਆਂ ਦੇ ਪਾਸਪੋਰਟ ਵੀਜੇ ਲਈ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ 596 ਸ਼ਰਧਾਲੂਆਂ ਨੂੰ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਨੇ ਵੀਜੇ ਜਾਰੀ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਵੀਜੇ ਕੱਟਣ ਨਾਲ ਗੁਰਧਾਮਾਂ ਦੇ ਦਰਸ਼ਨਾ ਦੀ ਤਾਂਘ ਰੱਖਣ ਵਾਲੇ ਸ਼ਰਧਾਲੂਆਂ ਦੇ ਮਨਾ ਨੂੰ ਠੇਸ ਪੁੱਜੀ ਹੈ। ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਖੁੱਲਦਿਲੀ ਨਾਲ ਵੀਜੇ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਜਿਹੜੇ ਸ਼ਰਧਾਲੂ ਅੱਜ ਪਾਸਪੋਰਟ ਲੈਣ ਨਹੀਂ ਪੁੱਜ ਸਕੇ ਉਹ ਜਥੇ ਦੀ ਰਵਾਨਗੀ ਤੋਂ ਪਹਿਲਾਂ ਆਪਣੇ ਪਾਸਪੋਰਟ ਪ੍ਰਾਪਤ ਕਰਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸੁਪਰਡੈਂਟ ਸ. ਨਿਸ਼ਾਨ ਸਿੰਘ, ਯਾਤਰਾ ਵਿਭਾਗ ਦੇ ਇੰਚਾਰਜ ਸ. ਪਲਵਿੰਦਰ ਸਿੰਘ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮਾਤਾ ਗੁਰਦਿਆਲ ਕੌਰ ਸੰਧੂ ਮਾਣੂੰਕੇ ਦੇ ਭੋਗ ਅਤੇ ਅੰਤਿਮ ਅਰਦਾਸ ਮੌਕੇ

# ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਭਰੀ ਹਾਜ਼ਰੀ

### ਵੱਖ ਵੱਖ ਧਾਰਮਿਕ, ਸਮਾਜਿਕ, ਅਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਦਿੱਤੀ ਸ਼ਰਧਾਂਜਲੀ












**ਜਗਰਾਉਂ, 11 ਅਪ੍ਰੈਲ (ਵਰਿਆਮ ਹਠੂਰ)**-ਕਾਂਗਰਸ ਦੇ ਸੀਨੀਅਰ ਆਗੂ ਗੁਰਜਿੰਦਰ ਸਿੰਘ ਬਿੱਟੂ ਮਾਣੂੰਕੇ, ਗੁਰਸ਼ਰਨ ਸਿੰਘ ਕੈਨੇਡਾ, ਅਤੇ ਭੈਣ ਪਰਮਜੀਤ ਕੌਰ ਗਿੱਲ ਦੇ ਸਤਿਕਾਰਯੋਗ ਮਾਤਾ ਗੁਰਦਿਆਲ ਕੌਰ ਸੰਧੂ ਮਾਣੂੰਕੇ ਜੋ ਬੀਤੇ ਦਿਨੀਂ ਆਪਣੇ ਸੁਆਸਾਂ ਦੀ ਪੂੰਜੀ ਅਤੇ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਨਮਿੱਤ ਪ੍ਰਕਾਸ਼ ਕਰਵਾਏ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਇਤਿਹਾਸਕ ਪਿੰਡ ਮਾਣੂੰਕੇ (ਲੁਧਿਆਣਾ) ਦੇ ਗੁਰਦੁਆਰਾ ਢੰਡਿਆਣਾ ਸਾਹਿਬ ਵਿਖੇ ਹੋਈ, ਜਿੱਥੇ ਵੱਖ ਵੱਖ ਧਾਰਮਿਕ, ਸਮਾਜਿਕ, ਅਤੇ ਰਾਜਨੀਤਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਤੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ, ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ, ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਆਏ ਕੀਰਤਨੀ ਜੱਥੇ ਨੇ ਸ਼ਬਦ ਕੀਰਤਨ ਰਾਹੀਂ ਆਪਣੀ ਹਾਜ਼ਰੀ ਭਰੀ, ਤੇ ਮਾਤਾ ਗੁਰਦਿਆਲ ਕੌਰ ਸੰਧੂ ਮਾਣੂੰਕੇ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਦੇ ਪੁੱਤਰ ਕਮਲਜੀਤ ਸਿੰਘ ਬਰਾੜ, ਸਾਬਕਾ ਵਿਧਾਇਕ ਕੁਲਵੀਰ ਸਿੰਘ ਜ਼ੀਰਾ, ਹਲਕਾ ਪੱਟੀ ਤੋਂ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ, ਭਾਈ ਮਨਜੀਤ ਸਿੰਘ ਬੇਟੇ ਸੰਤ ਕਰਤਾਰ ਸਿੰਘ ਜੀ ਭਿੰਡਰਾਵਾਲੇ, ਅਤੇ ਹੋਰ ਸਤਿਕਾਰਯੋਗ ਸ਼ਖ਼ਸੀਅਤਾਂ ਨੇ ਮਾਤਾ ਗੁਰਦਿਆਲ ਕੌਰ ਸੰਧੂ ਮਾਣੂੰਕੇ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਤੇ ਮਾਤਾ ਗੁਰਦਿਆਲ ਕੌਰ ਸੰਧੂ ਮਾਣੂੰਕੇ ਦੇ ਜੀਵਨ ਪ੍ਰਤੀ ਚਾਨਣਾ ਪਾਇਆ, ਉਨ੍ਹਾਂ ਕਿਹਾ ਕਿ ਮਾਤਾ ਗੁਰਦਿਆਲ ਕੌਰ ਸੰਧੂ ਗੁਰੂ ਘਰ ਪ੍ਰਤੀ ਬੇਹੱਦ ਸ਼ਰਧਾ ਅਤੇ ਵਿਸ਼ਵਾਸ ਰੱਖਦੇ ਸਨ। ਤੇ ਅੰਮ੍ਰਿਤ ਵੇਲੇ ਗੁਰਬਾਣੀ ਪੜ੍ਹਦੇ ਸਨ। ਉਨ੍ਹਾਂ ਆਪਣੇ ਬੱਚਿਆਂ ਨੂੰ ਵੀ ਰੱਜਵਾਂ ਪਿਆਰ ਦਿੱਤਾ ਤੇ ਬੱਚਿਆਂ ਵਿੱਚ ਅੱਛੇ ਸੰਸਕਾਰ ਪੈਦਾ ਕੀਤੇ, ਤੇ ਆਪਣੇ ਬੱਚਿਆਂ ਨੂੰ ਚੰਗਾ ਜੀਵਨ ਜਿਊਣ ਦੀ ਜਾਂਚ ਸਿਖਾਈ, ਮਾਂ ਦੇ ਸਦਾ ਲਈ ਵਿੱਛੜ ਜਾਣ ਨਾਲ ਬੱਚਿਆਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਐਸੀ ਮਾਂ ਦੀ ਘਾਟ ਹਮੇਸ਼ਾ ਬੱਚਿਆਂ ਨੂੰ ਰੱਸੀ ਵਿੱਚ ਗੰਢ ਦੀ ਤਰ੍ਹਾਂ ਰੜਕਦੀ ਰਹੇਗੀ, ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਮਾਤਾ ਗੁਰਦਿਆਲ ਕੌਰ ਸੰਧੂ ਮਾਣੂੰਕੇ ਦੀ ਹਮੇਸ਼ਾ ਲਈ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖ਼ਸ਼ੇ, ਅੰਤ ਵਿੱਚ ਮਰਹੂਮ ਮਾਤਾ ਗੁਰਦਿਆਲ ਕੌਰ ਸੰਧੂ ਮਾਣੂੰਕੇ ਅਤੇ ਮਰਹੂਮ ਗੁਰਦਿਆਲ ਸਿੰਘ ਗੁੱਡਗੋ ਦੇ ਪੁੱਤਰ ਸੀਨੀਅਰ ਕਾਂਗਰਸੀ ਆਗੂ ਗੁਰਜਿੰਦਰ ਸਿੰਘ ਬਿੱਟੂ ਸੰਧੂ ਮਾਣੂੰਕੇ ਨੇ ਭੋਗ ਅਤੇ ਅੰਤਿਮ ਅਰਦਾਸ ਸਮਾਗਮ ਵਿੱਚ ਪਹੁੰਚੀਆਂ ਸਮੂਹ ਧਾਰਮਿਕ, ਸਮਾਜਿਕ, ਅਤੇ ਰਾਜਨੀਤਕ ਸ਼ਖ਼ਸੀਅਤਾਂ, ਵੱਖ ਵੱਖ ਪੰਚਾਇਤਾਂ, ਕਲੱਬਾਂ, ਅਫ਼ਸਰਾਂ, ਸਮੇਤ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰਨ ਵਾਲੀਆਂ ਸਮੂਹ ਗੁਰਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਅਤੇ ਸਟੇਜ ਤੋਂ ਆਪਣੀ ਮਾਤਾ ਗੁਰਦਿਆਲ ਕੌਰ ਸੰਧੂ ਬਾਰੇ ਦੱਸਦਿਆਂ ਬੇਹੱਦ ਭਾਵੁਕ ਹੋ ਗਏ ਤੇ ਕਿਹਾ ਕਿ ਮਾਂ ਦਾ ਕੋਈ ਵੀ ਦੇਣ ਨਹੀਂ ਦੇ ਸਕਦਾ ਜੇ ਵਾਹਿਗੁਰੂ ਸਾਨੂੰ ਦੁਆਰਾ ਜਨਮ ਦੇਵੇ ਤਾਂ ਸਾਡੀ ਦਿਲੀ ਇੱਛਾ ਇਹੋ ਹੈ ਕਿ ਸਾਨੂੰ ਸਾਡੀ ਮਾਂ ਗੁਰਦਿਆਲ ਕੌਰ ਸੰਧੂ ਦੇ ਪੇਟੋਂ ਹੀ ਜਨਮ ਦੇਵੇ, ਮਾਂ ਦਾ ਰੁਤਬਾ ਸਭ ਤੋਂ ਉੱਚਾ ਅਤੇ ਮਹਾਨ ਰੁਤਬਾ ਹੈ। ਅੰਤ ਵਿੱਚ ਨਗਰ ਦੇ ਵੱਖ ਵੱਖ ਗੁਰਦੁਆਰਿਆਂ, ਸਕੂਲਾਂ, ਸ਼ਮਸ਼ਾਨ ਘਾਟ, ਮਸਜਿਦ, ਨੂੰ ਮਾਇਆ ਦਾ ਸਹਿਯੋਗ ਦਿੱਤਾ, ਅਤੇ ਗੁਰਦੁਆਰਾ ਢੰਡਿਆਣਾ ਸਾਹਿਬ ਲਈ ਸੋਲਰ ਸਿਸਟਮ ਵਾਸਤੇ ਇਕਵੰਜਾ ਹਜ਼ਾਰ ਰੁਪਏ ਸਹਿਯੋਗ ਕੀਤਾ, ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਅਤੇ ਪਰਮਜੀਤ ਕੌਰ ਗਿੱਲ ਨੂੰ ਨਗਰ ਨਿਵਾਸੀਆਂ ਵੱਲੋਂ ਸਿਰੋਪਾਓ ਦਿੱਤਾ ਗਿਆ, ਇਸ ਮੌਕੇ ਹਲਕਾ ਪੱਟੀ ਤੋਂ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ, ਭੈਣ ਪਰਮਜੀਤ ਕੌਰ ਗਿੱਲ, ਪੀ ਏ ਸੁਖਵਿੰਦਰ ਸਿੰਘ, ਸਾਬਕਾ ਵਿਧਾਇਕ ਕੁਲਵੀਰ ਸਿੰਘ ਜ਼ੀਰਾ, ਭਾਈ ਅਮਰੀਕ ਸਿੰਘ ਮੈਂਬਰ ਐੱਸ ਜੀ ਪੀ ਸੀ, ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਦੇ ਪੁੱਤਰ ਕਮਲਜੀਤ ਸਿੰਘ ਬਰਾੜ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਭਾਈ ਮਨਜੀਤ ਸਿੰਘ ਬੇਟੇ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ, ਚੇਅਰਮੈਨ ਸੁਖਵਿੰਦਰ ਸਿੰਘ ਸਿੱਧੂ, ਸੀਨੀਅਰ ਕਾਂਗਰਸੀ ਆਗੂ ਸਤਿੰਦਰ ਪਾਲ ਸਿੰਘ ਕਾਕਾ ਗਰੇਵਾਲ, ਸੀਨੀਅਰ ਕਾਂਗਰਸੀ ਆਗੂ ਮੇਜਰ ਸਿੰਘ ਮੁੱਲਾਂਪੁਰ, ਗੁਰਭੇਜ ਸਿੰਘ ਨੁਸ਼ਹਿਰਾ ਪੰਨੂਆਂ, ਹੋਂਦ ਚਿੱਲੜ ਤਾਲਮੇਲ ਕਮੇਟੀ ਤੋਂ ਭਾਈ ਦਰਸ਼ਨ ਸਿੰਘ ਘੋਲੀਆ, ਡੀ ਐੱਸ ਪੀ ਰਛਪਾਲ ਸਿੰਘ ਢੀਂਡਸਾ ਰਾਏਕੋਟ, ਗੁਰਬਚਨ ਲਾਲੀ ਰਿਟਾਇਰ ਡੀ.ਈ.ਓ, ਹਰਜੀਤ ਸਿੰਘ ਸੈਦੋ ਡਾਇਰੈਕਟਰ ਮਿਲਕ ਪਲਾਂਟ ਵੇਰਕਾ, ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ, ਸੰਤ ਬਾਬਾ ਘਾਲਾ ਸਿੰਘ ਜੀ ਵੱਲੋਂ ਭੇਜੇ ਸੇਵਾਦਾਰ ਭਾਈ ਜਸਵਿੰਦਰ ਸਿੰਘ ਬਿੰਦੀ, ਬੀ ਜੇ ਪੀ ਦੇ ਮੰਡਲ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ, ਹਰਪਾਲ ਸਿੰਘ ਬਰਾੜ ਮੋਗਾ, ਹਰਪ੍ਰੀਤ ਸਿੰਘ ਪੱਟੀ, ਰੌਸ਼ਨ ਲਾਲ ਹਰੀਕੇ, ਮਨਿੰਦਰ ਪਾਲ ਸਿੰਘ ਪਲਾਸੌਰ, ਸਾਬਕਾ ਸਰਪੰਚ ਬੂਟਾ ਸਿੰਘ, ਸੱਤਪਾਲ ਸ਼ੇਰੋਂ, ਹਰਜਿੰਦਰ ਸਿੰਘ ਬੌਬੀ, ਸੁਰਜੀਤ ਸਿੰਘ ਨੁਸ਼ਹਿਰਾ ਪੰਨੂਆਂ, ਕੁਲਦੀਪ ਸਿੰਘ ਕੋਟ ਬੁੱਢਾ, ਸਤਨਾਮ ਸਿੰਘ ਦੋਹਤਾ, ਰਵੀ ਸ਼ੇਰ, ਜੋਗਿੰਦਰ ਪਾਲ ਸਿੰਘ ਬੇਦੀ, ਯੂਥ ਪ੍ਰਧਾਨ ਸੱਤਾ, ਸੁਰਿੰਦਰ ਮਲਹੋਤਰਾ, ਨਿਸ਼ਾਨ ਸਿੰਘ ਕਿਰਤੋਵਾਲ, ਨੰਬਰਦਾਰ ਹਰਚਰਨ ਸਿੰਘ ਤੂਰ ਸ਼ੇਰਪੁਰ, ਲਵਲੀ ਪੱਟੀ, ਸੁਰੇਸ਼ ਪੱਟੀ, ਨਿਸ਼ਾਨ ਬੁੱਟਰ, ਰਣਜੀਤ ਸਿੰਘ ਉੱਪਲ, ਹਰਦੀਪ ਸਿੰਘ ਮਾਣੂੰਕੇ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਯੂਥ ਆਗੂ ਜਗਰਾਜ ਸਿੰਘ ਰਾਜਾ ਮਾਣੂੰਕੇ, ਸਰਪੰਚ ਮਲਕੀਤ ਸਿੰਘ ਹਠੂਰ, ਅਤੇ ਨਗਰ ਦੀਆਂ ਬਹੁ ਗਿਣਤੀ ਗੁਰਸੰਗਤਾਂ ਸਮੇਤ ਵੱਖ ਵੱਖ ਪੰਚਾਇਤਾਂ, ਕਲੱਬਾਂ, ਅਫ਼ਸਰ ਸਹਿਬਾਨਾਂ, ਵੱਖ ਵੱਖ ਧਾਰਮਿਕ ਸਮਾਜਿਕ ਰਾਜਨੀਤਕ ਧਿਰਾਂ ਦੇ ਆਗੂ, ਰਿਸ਼ਤੇਦਾਰ, ਸਾਕ ਸਬੰਧੀਆਂ ਨੇ ਮਾਤਾ ਗੁਰਦਿਆਲ ਕੌਰ ਸੰਧੂ ਦੀ ਅੰਤਿਮ ਅਰਦਾਸ ਵਿੱਚ ਹਾਜ਼ਰੀ ਭਰੀ।

ਆਵਾਜ਼ਿ ਕੌਮ
AWAZE QAUM
International Newspaper & WEB TV

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਬਾਬਾ ਗੁਰਦੇਵ ਸਿੰਘ ਡੇਰਾ ਕੁੱਲੀ ਵਾਲਿਆਂ ਨੇ ਸ੍ਰ ਈਮਾਨ ਸਿੰਘ ਮਾਨ ਨੂੰ ਦਿੱਤਾ ਆਸ਼ੀਰਵਾਦ

# ਗੁਰਮਤਿ ਤੇ ਚੱਲਕੇ ਸਮੁੱਚੀ ਮਨੁੱਖ ਜਾਤੀ ਦੇ ਭਲੇ ਲਈ ਸੋਚਣਾਂ ਤੇ ਸਰਬ-ਪੱਖੀ ਵਿਕਾਸ ਕਰਨਾਂ ਹੀ ਮੁੱਖ ਟੀਚੇ : ਈਮਾਨ ਸਿੰਘ ਮਾਨ



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਸ੍ਰ ਈਮਾਨ ਸਿੰਘ ਮਾਨ ਨੇ ਚੋਣ ਮੈਦਾਨ ਵਿੱਚ ਉਤਰਨ ਲਈ ਕਮਰਕੱਸੇ ਕਰ ਲਏ ਹਨ, ਜਿਸਦੇ ਮੱਦੇ-ਨਜ਼ਰ ਅੱਜ ਉਹਨਾਂ ਨੇ ਜਿਲਾ ਅੰਮ੍ਰਿਤਸਰ ਦੀ ਸਮੁੱਚੀ ਟੀਮ ਨਾਲ ਬਾਬਾ ਗੁਰਦੇਵ ਸਿੰਘ ਜੀ ਕੁੱਲੀ ਵਾਲਿਆਂ ਦੇ ਘਨੂਪੁਰ ਕਾਲੇ ਵਿਖੇ ਸਥਿੱਤ ਡੇਰੇ ਤੇ ਪਹੁੰਚਕੇ ਉਹਨਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਵਕਤ ਸ੍ਰ ਈਮਾਨ ਸਿੰਘ ਜੀ ਮਾਨ ਦੇ ਨਾਲ ਪਾਰਟੀ ਦੇ ਜਰਨਲ ਸਕੱਤਰ ਸ੍ਰ ਉਪਕਾਰ ਸਿੰਘ ਸੰਧੂ, ਸ੍ਰ ਅਮਰੀਕ ਸਿੰਘ ਜੀ ਨੰਗਲ ਜਥੇਬੰਦਕ ਸਕੱਤਰ ਮਾਝਾ ਜੋਨ, ਸ੍ਰ ਦਵਿੰਦਰ ਸਿੰਘ ਜੀ ਫ਼ਤਾਹਪੁਰ ਪ੍ਰਧਾਨ ਅੰਮ੍ਰਿਤਸਰ ਸ਼ਹਿਰੀ, ਸ੍ਰ ਸ਼ਮਸ਼ੇਰ ਸਿੰਘ ਜੀ ਬਰਾੜ ਪ੍ਰਧਾਨ ਅੰਮ੍ਰਿਤਸਰ ਦਿਹਾਤੀ ਤੋਂ ਇਲਾਵਾ ਸ੍ਰ ਜਸਬੀਰ ਸਿੰਘ ਜੀ ਵਡਾਲੀ, ਸ੍ਰ ਰਵੀਸ਼ੇਰ ਸਿੰਘ ਜੀ ਯੂਥ ਆਗੂ, ਸ੍ਰ ਸਵਿੰਦਰ ਸਿੰਘ ਜੀ ਕੁਰਾਲੀਆ, ਸ੍ਰ ਮਨਜਿੰਦਰ ਸਿੰਘ ਜੀ ਟਿੰਮੀ, ਸ੍ਰ ਸਿਮਰਨਜੀਤ ਸਿੰਘ, ਮਹਿੰਦਰਪਾਲ ਸਿੰਘ ਮਹਿਤਾ, ਸ੍ਰ ਸ਼ਮਸ਼ੇਰ ਸਿੰਘ ਪੱਧਰੀ ਜਿਲਾ ਪ੍ਰੈਸ ਸਕੱਤਰ, ਸ੍ਰ ਗਗਨਦੀਪ ਸਿੰਘ ਬੁੱਟਰ, ਸ੍ਰ ਦਵਿੰਦਰ ਸਿੰਘ ਸਦਿਓੜਾ, ਸ੍ਰ ਹਰਦੀਪ ਸਿੰਘ, ਸ੍ਰ ਮਨਜੀਤ ਸਿੰਘ ਮਨੀ, ਸ੍ਰ ਕੁਲਦੀਪ ਸਿੰਘ, ਸ੍ਰ ਅਰਸ਼ਦੀਪ ਸਿੰਘ, ਸ੍ਰ ਗੁਰਦੀਪ ਸਿੰਘ ਮੱਲੀ,ਸ੍ਰ ਕੁਲਵਿੰਦਰ ਸਿੰਘ ਸੰਧੂ ਕਲੋਨੀ, ਸ੍ਰ ਹਰਸਿਮਰਨਜੀਤ ਸਿੰਘ ਇੰਚਾਰਜ ਵਾਰਡ ਨੰ : 43, ਸ੍ਰ ਰਾਜਵਿੰਦਰ ਸਿੰਘ ਰਾਜਾ ਇੰਚਾਰਜ ਹਲਕਾ ਦੱਖਣੀ, ਸ੍ਰ ਪਾਰਸ ਸਿੰਘ ਖਾਲਸਾ ਵਾਰਡ ਨੰਬਰ 42, ਸ੍ਰ ਸੁਖਬੀਰ ਸਿੰਘ, ਸ੍ਰ ਜੁਗਰਾਜ ਸਿੰਘ ਸਾਂਘਣਾਂ, ਸ੍ਰ ਸੁਖਜਿੰਦਰ ਸਿੰਘ ਸਾਂਘਣਾਂ, ਸ੍ਰ ਕੁਲਵੰਤ ਸਿੰਘ ਜੀ ਮਜੀਠਾ, ਸ੍ਰ ਮਨਜੀਤ ਸਿੰਘ ਰਾਮੂਵਾਲ, ਸ੍ਰ ਨਿਸ਼ਾਨ ਸਿੰਘ ਗੁਰੂ ਕੀ ਵਡਾਲੀ, ਸ੍ਰ ਜਗਜੀਤ ਸਿੰਘ ਰਾਮੂਵਾਲ, ਪ੍ਰਿੰਸੀਪਲ ਮੇਜਰ ਸਿੰਘ ਜੀ ਨਰਾਇਣਗੜ, ਸ੍ਰ ਸੰਦੀਪ ਸਿੰਘ ਨਰਾਇਣਗੜ, ਸ੍ਰ ਮੰਗਲ ਸਿੰਘ ਛੇਹਰਟਾ, ਸ੍ਰ ਪਰਮਜੀਤ ਸਿੰਘ, ਸ੍ਰ ਸੁਖਦੇਵ ਸਿੰਘ, ਸ੍ਰ ਮਨਜਿੰਦਰ ਸਿੰਘ ਮੱਲੀ, ਸ੍ਰ ਬਲਕਾਰ ਸਿੰਘ ਬਾਲੀਆ, ਸ੍ਰ ਬਲਦੇਵ ਸਿੰਘ, ਸ੍ਰ ਬਲਵੰਤ ਸਿੰਘ ਡੇਅਰੀਵਾਲੇ, ਸ੍ਰ ਮਨਜੀਤ ਸਿੰਘ ਅਤੇ ਸ੍ਰ ਇੰਦਰਜੀਤ ਸਿੰਘ ਵੀ ਹਾਜਰ ਸਨ। ਇਸ ਮੌਕੇ ਤੇ ਬਾਬਾ ਗੁਰਦੇਵ ਸਿੰਘ ਜੀ ਤੋਂ ਆਸ਼ੀਰਵਾਦ ਲੈਣ ਉਪਰੰਤ ਜਿਲਾ ਪ੍ਰੈਸ ਸਕੱਤਰ ਸ੍ਰ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਰਾਹੀਂ ਸ੍ਰ ਈਮਾਨ ਸਿੰਘ ਜੀ ਮਾਨ ਨੇ ਕਿਹਾ ਕਿ ਹਰ ਸਿੱਖ ਦਾ ਪਹਿਲਾ ਫਰਜ਼ ਹੈ ਕਿ ਉਹ ਗੁਰਮਤਿ ਤੇ ਚਲਦਿਆਂ ਸਮੁੱਚੀ ਮਨੁੱਖ ਜਾਤੀ ਦੇ ਭਲੇ ਲਈ ਸੋਚੇ ਤੇ ਕੰਮ ਕਰੇ ਅਤੇ ਇਹ ਹੀ ਸਾਡੇ ਜਾਗਤ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਮੁੱਢਲੀਆਂ ਸਿੱਖਿਆਵਾਂ ਹਨ।ਉਹਨਾਂ ਕਿਹਾ ਕਿ ਸਿਆਸੀ ਤੌਰ ਤੇ ਵਿਚਰਦਿਆਂ ਹਰੇਕ ਪਾਰਟੀ ਆਪੋ-ਆਪਣੇ ਲੋਕ ਲੁਭਾਊ ਸੱਚੇ ਝੂਠੇ ਚੋਣ ਵਾਅਦਿਆਂ ਨਾਲ ਲੋਕਾਂ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕਰਦੀ ਹੈ ਪਰ ਅਸਲ ਸਿੱਖ ਕਦੀ ਵੀ ਝੂਠੇ ਵਾਅਦੇ ਨਹੀਂ ਕਰਦਾ ਕਿਉਂਕਿ ਸਿੱਖ ਕੌਮ ਨੂੰ ਜੋ ਦਾਤ ਗੁਰਬਾਣੀ ਵਿੱਚੋਂ ਮਿਲਦੀ ਹੈ ਉਹ ਹੀ ਹਰ ਸਿੱਖ ਦੀ ਅਸਲ ਰਾਹ ਹੈ ਅਤੇ ਅਸਲ ਚੋਣ ਮਨੋਰਥ ਵਾਅਦਾ ਵੀ ਹੈ। ਸੋ ਮੈਂ ਵੀ ਆਪਣੇ ਈਸ਼ਟ ਦੀਆਂ ਮੁੱਢਲੀਆਂ ਸਿੱਖਿਆਵਾਂ ਨੂੰ ਸਮਰਪਿਤ ਹੁੰਦਿਆਂ ਹੋਇਆਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਵਾਸੀਆਂ ਨੂੰ ਇਹੀ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇਕਰ ਵਾਹਿਗੁਰੂ ਦੀ ਕ੍ਰਿਪਾ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਲੋਕ ਮੈਨੂੰ ਸੇਵਾ ਦਾ ਮੌਕਾ ਦਿੰਦੇ ਹਨ ਤਾਂ ਮੈਂ ਇਕ ਸੱਚੇ ਸੇਵਕ ਦੇ ਤੌਰ ਤੇ ਦਿਲੋਂ ਇਹ ਸੇਵਾ ਨਿਭਾਵਾਂਗਾ ਅਤੇ ਸਰਬ-ਪੱਖੀ ਵਿਕਾਸ ਵਾਲੀ ਸੋਚ ਨੂੰ ਲੈ ਕੇ ਚੱਲਾਂਗਾ। ਉਹਨਾਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਲਈ ਤੇ ਇਥੇ ਵਸਦੇ ਸਮੂਹ ਭਾਈਚਾਰੇ ਦੇ ਲੋਕਾਂ ਲਈ ਬਿਹਤਰੀ ਨਾਲ ਕੰਮ ਕਰਾਂਗਾ। ਸ੍ਰੀ ਅੰਮ੍ਰਿਤਸਰ ਸਾਹਿਬ ਜਿਥੇ ਪੂਰੀ ਦੁਨੀਆਂ ਵਿੱਚ ਇਕ ਵੱਖਰਾ ਸਥਾਨ ਰੱਖਦਾ ਹੈ ਉਥੇ ਇਥੋਂ ਦੇ ਲੋਕਾਂ ਦੇ ਦਿਲ ਵੀ ਬਹੁਤ ਵਿਸ਼ਾਲ ਹਨ ਜਿੰਨਾਂ ਦੀ ਮਿਸਾਲ ਦਿੱਤੀ ਜਾਂਦੀ ਹੈ। ਉਹਨਾਂ ਕਿਹਾ ਪਾਰਟੀ ਤਰਫੋਂ ਮੈਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਬਤੌਰ ਲੋਕ ਸਭਾ ਮੈਂਬਰ ਚੋਣ ਮੈਦਾਨ ਵਿੱਚ ਉਤਾਰੇ ਜਾਣ ਤੇ ਮੈਂ ਆਪਣੇ ਆਪ ਨੂੰ ਬਹੁਤ ਸੁਭਾਗਾ ਮਹਿਸੂਸ ਕਰ ਰਿਹਾ ਹਾਂ।



ਪਿੰਡ ਧਰਦਿਓ ਦੇ 40 ਪਰਿਵਾਰਾਂ ਨੂੰ

# ਕੈਬਨਿਟ ਮੰਤਰੀ ਈ.ਟੀ.ਓ. ਨੇ ਕੀਤਾ ਪਾਰਟੀ 'ਚ ਸ਼ਾਮਿਲ



ਚੌਂਕ ਮਹਿਤਾ, 11 ਅਪ੍ਰੈਲ( ਬਾਬਾ ਸੁਖਵੰਤ ਸਿੰਘ ਚੰਨਣਕੇ )-ਪਿੰਡ ਧਰਦਿਓ ਵਿਖੇ ਹੋਏ ਇਕ ਸਮਾਗਮ ਦੌਰਾਨ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਹਰਭਜਨ ਸਿੰਘ ਈ.ਟੀ.ਓ. ਨੇ ਪਿੰਡ ਦੇ ਬਹੁਤ ਮੋਹਤਬਰ ਵਿਅਕਤੀਆਂ ਸਮੇਤ 40 ਪਰਿਵਾਰਾਂ ਨੂੰ ਆਮ ਆਦਮੀ ਪਾਰਟੀ 'ਚ ਸ਼ਾਮਿਲ ਕੀਤਾ ।ਬਲਾਕ ਪ੍ਰਧਾਨ ਗੁਰਜ਼ਿੰਦਰ ਸਿੰਘ ਕੋਹਾਟਵਿੰਡ ਦੇ ਯਤਨਾਂ ਸਦਕਾ ਅਕਾਲੀ ਦਲ ਤੇ ਕਾਂਗਰਸ ਪਾਟੀ ਛੱਡ ਕੇ ਪਾਰਟੀ 'ਚ ਆਏ ਇੰਨ੍ਹਾਂ ਪਰਿਵਾਰਾਂ ਦਾ ਪਾਰਟੀ 'ਚ ਸਵਾਗਤ ਕਰਦੇ ਹੋਏ ਕੈਬਨਿਟ ਮੰਤਰੀ ਈ.ਟੀ.ਓ.ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਵੱਡੇ ਪੱਧਰ 'ਤੇ ਲੋਕ ਪਾਰਟੀ 'ਚ ਸ਼ਾਮਲ ਹੋ ਰਹੇ ਹਨ ।ਉਨਾਂ ਨੇ ਕਿਹਾ ਕਿ ਸਾਡੀ ਸਰਕਾਰ ਆਮ ਲੋਕਾਂ ਦੇ ਭਲੇ ਲਈ ਹੀ ਵੱਧ ਚੜ੍ਹ ਕੇ ਕੰਮ ਕਰ ਰਹੀ ਹੈ ਤੇ ਸੂਬੇ ਦੇ ਲੋਕ ਵੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਭਲੇ ਤੇ ਵਿਕਾਸ ਲਈ ਲਿਆਂਦੀਆਂ ਗਈਆਂ ਲੋਕ ਪੱਖੀ ਨੀਤੀਆਂ ਤੋਂ ਬਹੁਤ ਖੁਸ਼ ਹਨ ।ਉਨ੍ਹਾਂ ਨੇ ਭਰੋਸਾ ਜਤਾਇਆ ਕਿ ਆਉਂਦੀਆਂ ਲੋਕ ਸਭਾ ਦੀ ਚੋਣਾਂ ਦੌਰਾਨ ਪੰਜਾਬ ਦੀ ਸਾਰੀ ਦੀ ਸਾਰੀਆਂ 13 ਸੀਟਾਂ 'ਆਪ' ਦੀ ਝੋਲੀ ਹੀ ਪੈਣਗੀਆਂ ਤੇ ਆਮ ਆਦਮੀ ਪਾਰਟੀ ਦੀ ਇੱਕਤਰਫਾ ਜਿੱਤ ਹੋਵੇਗੀ। ਪਾਰਟੀ 'ਚ ਸ਼ਾਮਿਲ ਹੋਏ ਕਾਂਗਰਸ ਤੋਂ ਗੁਰਦੀਪ ਸਿੰਘ ਬਲਾਕ ਸੰਮਤੀ ਮੈਂਬਰ ,ਕੁਲਵੰਤ ਸਿੰਘ ਠੇਕੇਦਾਰ,ਹਰਦੀਪ ਸਿੰਘ ਮਿਸਤਰੀ,ਅਕਾਲੀ ਦਲ ਤੋਂ ਪ੍ਰਤਾਪ ਸਿੰਘ ਸਾਬਕਾ ਮੈਂਬਰ,ਗੁਰਦਿਆਲ ਸਿੰਘ ਸਾਬਕਾ ਮੈਂਬਰ,ਪ੍ਰਤਾਪ ਸਿੰਘ ਮਿਸਤਰੀ,ਦਿਲਬਾਗ ਸਿੰਘ,ਹਰਪਾਲ ਸਿੰਘ,ਸਬਰਜੀਤ ਸਿੰਘ,ਅਮਰੀਕ ਸਿੰਘ,ਸੁਖਦੇਵ ਸਿੰਘ,ਬਲਵੰਤ ਸਿੰਘ ਏ.ਐੱਸ.ਆਈ.,ਮਨਜੀਤ ਕੌਰ,ਜਸਵਿੰਦਰ ਕੌਰ,ਬਲਵਿੰਦਰ ਕੌਰ ਥਾਣੇਦਾਰਨੀ,ਸ਼ਿੰਦਰ ਕੌਰ,ਸੁਖਵਿੰਦਰ ਕੌਰ,ਪਰਮਜੀਤ ਕੌਰ,ਧਰਮਬੀਰ ਸਿੰਘ,ਜਸਪਿੰਦਰ ਕੌਰ ਤੇ ਰਮਨਦੀਪ ਕੌਰ ਆਦਿ ਸਮੂਹ ਪਰਿਵਾਰਾਂ ਨੂੰ ਜੀ ਆਇਆ ਆਖਦੇ ਹੋਏ ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ ਤੇ ਬਲਾਕ ਪ੍ਰਧਾਨ ਗੁਰਜ਼ਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕ ਦਿਲੋਂ 'ਆਪ' ਪਾਰਟੀ ਨਾਲ ਜੁੜੇ ਹੋਏ ਹਨ ,ਜਿਸਦੇ ਚੱਲਦਿਆਂ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਅੰਦਰ ਬਾਕੀ ਪਾਰਟੀਆਂ ਨੂੰ ਮੂੰਹ ਦੀ ਖਾਣੀ ਪਵੇਗੀ। ਇਸ ਮੌਕੇ ਉਨ੍ਹਾਂ ਨਾਲ ਬਲਾਕ ਪ੍ਰਧਾਨ ਅਜੈ ਗਾਂਧੀ ਤੇ ਜਰਮਨ ਸਿੰਘ ਉਦੋਨੰਗਲ,ਸੋਨੀ ਸਰਪੰਚ ਧਰਦਿਓ,ਮਨਦੀਪ ਸਿੰਘ ਧਰਦਿਓ,ਰਣਜੀਤ ਸਿੰਘ ਰਾਣਾ ਸ਼ਾਹ ਧਰਦਿਓ ਆਦਿ ਵੀ ਮੌਜੂਦ ਸਨ।

# ਜੇਕਰ ਪੀਐਮ ਮੋਦੀ ਵਿਆਹੇ ਹੋਏ ਹਨ, ਫਿਰ ਰਵਾਇਤ ਅਨੁਸਾਰ ਉਨ੍ਹਾਂ ਨੂੰ ਆਪਣੀ ਧਰਮ ਪਤਨੀ ਨੂੰ ਆਪਣੇ ਨਾਲ ਰੱਖਣਾ ਚਾਹੀਦਾ ਹੈ : ਮਾਨ



**ਨਵੀਂ ਦਿੱਲੀ, 11 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):-** "ਇੰਡੀਆਂ ਦੇ ਵਜੀਰ ਏ ਆਜਮ ਕੋਈ ਵੀ ਸਖਸ਼ੀਅਤ ਹੋਵੇ ਆਪਣੀ ਸਮਾਜਿਕ ਅਤੇ ਰਾਜਨੀਤਿਕ ਨਿਰੰਤਰ ਚੱਲਦੀ ਆ ਰਹੀ ਰਵਾਇਤ ਅਨੁਸਾਰ ਉਨ੍ਹਾਂ ਦੀ ਧਰਮ ਪਤਨੀ, ਉਨ੍ਹਾਂ ਦੀ ਰਿਹਾਇਸ 7 ਰੇਸ ਕੋਰਸ ਰੋਡ ਨਵੀ ਦਿੱਲੀ ਵਿਖੇ ਹੀ ਉਨ੍ਹਾਂ ਦੇ ਨਾਲ ਵਿਚਰਦੇ ਆਏ ਹਨ । ਇਥੋ ਤੱਕ ਜਦੋਂ ਸ. ਮਨਮੋਹਨ ਸਿੰਘ ਵਜੀਰ ਏ ਆਜਮ ਦੇ ਅਹੁਦੇ ਤੇ ਬਿਰਾਜਮਾਨ ਸਨ, ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਸਾਹਿਬਾ ਉਨ੍ਹਾਂ ਦੇ ਨਾਲ 7 ਰੇਸ ਕੋਰਸ ਰੋਡ ਦਿੱਲੀ ਵਿਖੇ ਰਹਿੰਦੇ ਵੀ ਰਹੇ ਹਨ ਅਤੇ ਜਦੋ ਵੀ ਉਹ ਵਿਦੇਸ਼ੀ ਦੌਰਿਆ ਤੇ ਜਾਂਦੇ ਸਨ, ਤਾਂ ਉਨ੍ਹਾਂ ਦੀ ਸਰਦਾਰਨੀ ਸਾਹਿਬਾ ਹਮੇਸ਼ਾਂ ਉਨ੍ਹਾਂ ਨਾਲ ਹੁੰਦੇ ਸਨ । ਇਸ ਨਾਲ ਇਕ ਵਜੀਰ ਏ ਆਜਮ ਦੀ ਸਖਸ਼ੀਅਤ ਵਿਚ ਵੀ ਵਾਧਾ ਹੁੰਦਾ ਹੈ ਅਤੇ ਸਾਡੀ ਸਮਾਜਿਕ ਅਤੇ ਰਾਜਨੀਤਿਕ ਰਵਾਇਤ ਨੂੰ ਵੀ ਵੱਡਾ ਬਲ ਮਿਲਦਾ ਹੈ। ਇਸ ਲਈ ਸ੍ਰੀ ਨਰਿੰਦਰ ਮੋਦੀ ਵਜੀਰ ਏ ਆਜਮ ਜੋ ਵਿਆਹੇ ਹੋਏ ਹਨ, ਉਨ੍ਹਾਂ ਨੂੰ ਆਪਣੀ ਧਰਮ ਪਤਨੀ ਨੂੰ ਕੇਵਲ ਆਪਣੀ ਵਜੀਰ ਏ ਆਜਮ ਦੀ ਰਿਹਾਇਸ ਤੇ ਹੀ ਨਾਲ ਨਹੀ ਰੱਖਣਾ ਚਾਹੀਦਾ ਬਲਕਿ ਆਪਣੇ ਵਿਦੇਸ਼ੀ ਦੌਰਿਆ ਸਮੇ ਵੀ ਨਾਲ ਹੋਣੇ ਚਾਹੀਦੇ ਹਨ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਲੰਮੇ ਸਮੇ ਤੋ ਇੰਡੀਆਂ ਦੇ ਵਜੀਰ ਏ ਆਜਮ ਦੀ ਧਰਮ ਪਤਨੀ ਦੇ ਨਾਲ ਰਹਿਣ ਅਤੇ ਉਨ੍ਹਾਂ ਦੇ ਦੌਰਿਆ ਸਮੇਂ ਹਮੇਸ਼ਾਂ ਵਿਚਰਣ ਦੀ ਚੱਲਦੀ ਆ ਰਹੀ ਸਤਿਕਾਰਿਤ ਸਮਾਜ ਪੱਖੀ ਅਤੇ ਰਾਜਨੀਤਿਕ ਕਦਰਾਂ ਕੀਮਤਾਂ ਉਤੇ ਪਹਿਰਾ ਦੇਣ ਵਾਲੀ ਰਵਾਇਤ ਦਾ ਹਵਾਲਾ ਦਿੰਦੇ ਹੋਏ ਸ੍ਰੀ ਮੋਦੀ ਨੂੰ ਆਪਣੀ ਧਰਮ ਪਤਨੀ ਨੂੰ ਆਪਣੇ ਨਾਲ ਰੱਖਣ ਦੀ ਜੋਰਦਾਰ ਗੁਜਾਰਿਸ ਕਰਦੇ ਹੋਏ ਪ੍ਰਗਟ ਕੀਤੇ ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਉਹ ਇੰਡੀਆ ਦੇ ਮੁਲਕ ਨਿਵਾਸੀਆ ਅਤੇ ਇੰਡੀਆ ਦੀਆਂ ਸਮਾਜਿਕ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਹਿੱਤ ਇਸ ਉੱਚ ਅਹੁਦੇ ਤੇ ਬੈਠੇ ਹੋਏ ਸ੍ਰੀ ਮੋਦੀ ਆਪਣੀ ਪਤਨੀ ਨੂੰ ਆਪਣੀ ਪ੍ਰਧਾਨ ਮੰਤਰੀ ਦੀ ਰਿਹਾਇਸ ਵਿਖੇ ਸਤਿਕਾਰ ਸਹਿਤ ਬੁਲਾਕੇ ਨਿਰੰਤਰ ਇੰਡੀਅਨ ਸੱਭਿਅਤਾ ਅਨੁਸਾਰ ਵਿਚਰਣ ਅਤੇ ਬਾਹਰਲੇ ਦੌਰਿਆ ਉਤੇ ਨਾਲ ਲਿਜਾਕੇ ਇਥੋ ਦੇ ਨਿਵਾਸੀਆ ਦੇ ਸਤਿਕਾਰ ਵਿਚ ਵਾਧਾ ਕਰਨ ਦੀ ਜਿੰਮੇਵਾਰੀ ਪੂਰਨ ਕਰਨਗੇ ।

# ਮਲੂਕਾ ਪਰਿਵਾਰ ਨੇ ਅਕਾਲੀ ਦਲ ਦੇ ਸਿਰ ਤੇ ਸੱਤਾ ਮਾਣਦਿਆਂ ਮੌਜੂਦਾ ਚੋਣਾਂ ਵੇਲੇ ਪਲਟੀ ਮਾਰਕੇ ਪਾਰਟੀ ਤੇ ਪੰਜਾਬ ਦੀ ਪਿੱਠ ਵਿੱਚ ਮਾਰਿਆ ਛੁਰਾ: ਸਰਨਾ



**ਨਵੀਂ ਦਿੱਲੀ 11 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):-**ਅੱਜ ਜੋ ਮੀਡੀਆ ਵਿੱਚ ਚੱਲ ਰਹੀਆਂ ਅਟਕਲਾਂ ਤੋਂ ਬਾਅਦ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਸ. ਸਿਕੰਦਰ ਸਿੰਘ ਮਲੂਕਾ ਦੇ ਨੂੰਹ ਤੇ ਪੁੱਤਰ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਹੈ ।ਉਸਨੇ ਇਹ ਸਾਬਤ ਕੀਤਾ ਹੈ ਕਿ ਅੱਜ ਪੰਥ ਤੇ ਪੰਜਾਬ ਦੇ ਹਿੱਤਾਂ ਨਾਲੋਂ ਇਹਨਾਂ ਦੇ ਨਿੱਜੀ ਹਿਤ ਭਾਰੂ ਸਨ ।ਹੁਣ ਤੱਕ ਹੋਰਨਾਂ ਪਾਰਟੀਆਂ ਵਿੱਚੋਂ ਭਾਜਪਾ 'ਚ ਬਹੁਤ ਸਾਰੇ ਆਗੂ ਗਏ ਹਨ ਪਰ ਅਕਾਲੀ ਦਲ ਦੇ ਕਿਸੇ ਪ੍ਰਮੁਖ ਆਗੂ ਨੇ ਭਾਜਪਾ 'ਚ ਸ਼ਮੂਲੀਅਤ ਨਹੀਂ ਸੀ ਕੀਤੀ ।ਕਿਉਂਕਿ ਅਕਾਲੀ ਦਲ ਨੂੰ ਛੱਡਕੇ ਜਾਣ ਵਾਲੇ ਨੂੰ ਪੰਜਾਬ ਕਦੇ ਬਹੁਤੀ ਤਵੱਜੋ ਨਹੀਂ ਦਿੱਤੀ ।

ਦਿੱਲੀ ਤੋਂ ਅਕਾਲੀ ਦਲ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਕਿਹਾ ਕਿ ਮਲੂਕਾ ਪਰਿਵਾਰ ਨੇ ਹੁਣ ਤੱਕ ਅਕਾਲੀ ਦਲ ਦੇ ਸਿਰ ਤੇ ਸੱਤਾ ਮਾਣਦਿਆਂ ਉੱਚ ਅਹੁਦੇ ਹਾਸਲ ਕੀਤੇ ਪਰ ਹੁਣ ਜਦੋਂ ਚੋਣਾਂ ਵੇਲੇ ਪਲਟੀ ਮਾਰਕੇ ਇਹਨਾਂ ਨੇ ਪਾਰਟੀ ਤੇ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ ।ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸਿਧਾਂਤ ਉੱਪਰ ਰੱਖਦਿਆਂ ਪੰਥ ਤੇ ਕਿਸਾਨੀ ਦੇ ਮਸਲੇ ਹੱਲ ਕੀਤੇ ਬਿਨਾ ਗਠਜੋੜ ਤੋਂ ਨਾਂਹ ਕੀਤੀ ਸੀ ਪਰ ਅੱਜ ਜਿਹੜੇ ਇਹਨਾਂ ਮਸਲਿਆਂ ਵੱਲ ਪਿੱਠ ਕਰਕੇ ਭਾਜਪਾ ਵਿੱਚ ਜਾ ਰਹੇ ਹਨ ।ਉਹਨਾਂ ਦਾ ਹਿਸਾਬ ਵੀ ਪੰਜਾਬ ਦੇ ਲੋਕ ਕਰਨਗੇ ।ਭਾਜਪਾ ਵੀ ਇੱਕ ਗੱਲ ਚੇਤੇ ਰੱਖੇ ਕਿ ਪਹਿਲਾਂ ਭਾਵੇਂ ਸ਼ਾਇਦ ਦੋ - ਚਾਰ ਪ੍ਰਤੀਸ਼ਤ ਵੋਟਾਂ ਲੈ ਜਾਂਦੀ ।ਪਰ ਹੁਣ ਜੋ ਇਹਨਾਂ ਦਲ ਬਦਲੂ ਭਰਤੀ ਕਰਨ ਦਾ ਅਮਲ ਸ਼ੁਰੂ ਕੀਤਾ ਹੈ ।ਇਸ ਨਾਲ ਭਾਜਪਾ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਣੀਆਂ ਤੈਅ ਹਨ ।

ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਚਾਹੀਦਾ ਹੈ ਕਿ ਉਹ ਸ. ਸਿੰਕਦਰ ਸਿੰਘ ਮਲੂਕਾ ਨੂੰ ਤੁਰੰਤ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਬਰਖਾਸਤ ਕਰਨ ਕਿਉਂਕਿ ਉਹਨਾਂ ਦੀ ਸਹਿਮਤੀ ਤੋਂ ਬਿਨਾ ਇਹ ਸਭ ਕੁਝ ਨਹੀ ਹੋ ਸਕਦਾ ਅਤੇ ਇਹਨਾਂ ਦਲ ਬਦਲੀਆਂ ਨਾਲ ਅਕਾਲੀ ਦਲ ਨੂੰ ਕੋਈ ਫਰਕ ਨਹੀ ਪਵੇਗਾ ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੱਖਾਂ ਦਾ ਫ੍ਰੀ ਕੈਂਪ ਲਗਾਇਆ ਗਿਆ

**ਤਰਨ ਤਾਰਨ, 11 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜੋਂ ਕਿ ਹਮੇਸ਼ਾ ਲੋੜਵੰਦ ਤੇ ਬੇਸਹਾਰਾ ਲੋਕਾਂ ਦੀ ਵਰਦਾਨ ਸਾਬਿਤ ਹੋਈ ਹੈ ਜਿਸਤੇ ਚਲਦਿਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋ ਇਕ ਹੋਰ ਗਰੀਬ ਲੋਕ ਭਲਾਈ ਪਹਿਲ ਕਦਮੀ ਕਰਦਿਆਂ ਸਰਪ੍ਰਸਤ ਡਾਕਟਰ ਐਸ ਪੀ ਸਿੰਘ ਉਬਰਾਏ ਅਤੇ ਸਰਦਾਰ ਜੱਸਾ ਸਿੰਘ ਜੀ ਸੰਧੂ ਆਲ ਇੰਡੀਆ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾ ਦੇ ਤਹਿਤ ਤੇ ਤਰਨ ਤਾਰਨ ਜਿਲਾ ਇਕਾਈ ਦੇ ਪ੍ਰਧਾਨ ਦਿਲਬਾਗ ਸਿੰਘ ਯੋਧਾ ਦੀ ਅਗਵਾਈ ਹੇਠ ਮੁਫ਼ਤ ਅੱਖਾ ਦੀ ਚੈਕਅਪ ਦਾ ਫ੍ਰੀ ਕੈਂਪ ਰਾਮਗੜੀਆ ਬੁੰਗਾ ਵਿਖੇ ਲਗਾਇਆ ਗਿਆ। ਜਿਸ ਯੋਧਾ ਨੇ ਕਿਹਾ ਵਿਸ਼ੇਸ਼ ਤੌਰ ਤੇ ਪਹੁੰਚੇ ਮਾਨਯੋਗ ਸੈਸ਼ਨ ਜੱਜ ਮੈਡਮ ਪ੍ਰੀਆ ਸੂਦ ਨਾਲ ਸੀਜੀਐਮ ਜੱਜ ਪ੍ਰੀਤਮਾ ਅਰੋੜਾ ਸਾਹਿਬ ਜੀ ਨਾਲ ਐਸਡੀਐਮ ਆਈਏਐਸ ਸਿਮਰਨਦੀਪ ਸਿੰਘ ਜੀ ਵਿਸ਼ੇਸ਼ ਤੌਰ ਤੇ ਪਹੁੰਚੇ ਕਿ ਵਿਚ 1155 ਤੋ ਵੱਧ ਲੋਕਾਂ ਨੇ ਇਸ ਕੈਂਪ ਦਾ ਲਾਭ ਲਿਆ ਤੇ 255 ਤੋ ਵੱਧ ਮਰੀਜਾ ਉਹ ਪਏ ਗਏ ਜਿੰਨਾ ਦਾ ਅਪਰੇਸ਼ਨ ਕੀਤਾ ਜਾਵੇਗਾ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਦਿਲਬਾਗ ਸਿੰਘ ਯੋਧਾ ਨੇ ਕਿਹਾ ਕਿ ਬਹੁਤ ਸਾਰੇ ਉਹ ਲੋਕ ਹਨ ਜਿਨ੍ਹਾਂ ਨੂੰ ਅੱਖਾ ਤੋ ਦਿਖਾਈ ਨਹੀਂ ਦਿੰਦਾ ਤੇ ਬਹੁਤ ਸਾਰੇ ਉਹ ਵੀ ਲੋਕ ਹਨ ਜਿਨ੍ਹਾਂ ਦੀਆ ਅੱਖਾਂ ਖਰਾਬ ਹਨ ਉਹਨਾਂ ਲੋਕਾਂ ਸਹਾਇਤਾ ਤੇ ਇਲਾਜ ਨੂੰ ਦੇਖਦਿਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅੰਮ੍ਰਿਤਸਰ ਦੇ ਮਸ਼ਹੂਰ ਅੱਖਾ ਦੇ ਸਪੈਸ਼ਿਲਸਟ ਡਾਕਟਰ ਸ਼ਕੀਨ ਦੇ ਸਹਿਯੋਗ ਨਾਲ ਮੁਫ਼ਤ ਕੈਂਪ ਲਗਾਇਆ ਗਿਆ। ਜਿਸ ਵਿਚ ਫਰੀ ਅੱਖਾਂ ਦਾ ਚੈੱਕ ਅੱਪ ਕੀਤਾ ਗਿਆ ਤੇ ਨਾਲ ਹੀ ਮੁਫ਼ਤ ਦਵਾਈਆਂ ਤੇ ਮੁਫ਼ਤ ਐਨਕਾ ਵੀ ਦਿੱਤੀਆਂ ਗਈਆਂ। ਉਹਨਾਂ ਨੇ ਕਿਹਾ ਕਿ ਇਸ ਕੈਂਪ ਦੌਰਾਨ ਬਹੁਤ ਸਾਰੇ ਅਜਿਹੇ ਮਰੀਜ਼ ਪਾਏ ਗਏ ਜਿਨਾਂ ਦੀਆ ਅੱਖਾਂ ਦਾ ਅਪਰੇਸ਼ਨ ਹੋਣਾ ਹੈ ਤੇ ਉਹਨਾਂ ਦਾ ਵੀ ਆਪਰੇਸ਼ਨ ਫਰੀ ਕੀਤਾ ਜਾਵੇਗਾ। ਕੈਂਪ ਚ ਆਏ ਲੋਕਾਂ ਦੇ ਲਈ ਲੰਗਰ ਪਾਣੀ ਦਾ ਪ੍ਰਬੰਧ ਕੀਤਾ ਗਿਆ ਤਾਂ ਜੋਂ ਗਰਮੀ ਦੇ ਮੌਸਮ ਚ ਕਿਸੇ ਨੂੰ ਕਿਸੇ ਤਰਾ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ।ਇਸ ਮੌਕੇ ਵੀ ਸੁਖਵੰਤ ਸਿੰਘ ਧਾਮੀ, ਕੁਲਰਜਬੀਰ ਸਿੰਘ, ਕੁਲਵਿੰਦਰ ਸਿੰਘ ਪਿੰਕਾ, ਮਾਸਟਰ ਗੁਲਾਬ ਸਿੰਘ, ਰਾਜਬੀਰ ਸਿੰਘ ਸੰਧੂ, ਗੁਰਵਿੰਦਰ ਸਿੰਘ ਲਾਡੀ ਐਡਵੋਕੇਟ ਸ਼ਰਨਪਾਲ ਸਿੰਘ, ਮਨਿੰਦਰ ਸਿੰਘ ਰਾਜੂ ਹਰਜੀਤ ਸਿੰਘ ਸੁਖਵਿੰਦਰ ਸਿੰਘ ਨਾਮਧਾਰੀ ਧਰਮਿੰਦਰ ਸਿੰਘ ਬੋਗੀ ਉਜਵਲਪ੍ਰੀਤੇ ਸਿੰਘ ਹਨੀ ਬਲਰਾਜ ਸਿੰਘ ਚਾਵਲਾ, ਕੇਵਲ ਸਿੰਘ ਈਐਸਆਈ ਸਾਬਕਾ ਵਿੱਕੀ, ਮੁਖਰਾਮ ਸਿੰਘ ਮੁਖਾ ਗਗਨਦੀਪ ਸਿੰਘ ਰਿੱਪੂ ਹਰਵਿੰਦਰ ਸਿੰਘ,ਗੋਗੂ ਬਲਵਿੰਦਰ ਕੌਰ ਕਲਿਆਣ ਨਰਿੰਦਰ ਸਿੰਘ, ਗੁਰਮੀਤ ਸਿੰਘ ਆਦਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਮੂਹ ਅਹੁਦੇਾਰਾਂ ਤੇ ਮੈਬਰਾਂ ਨੇ ਬਾਖੂਬੀ ਨਾਲ ਸੇਵਾ ਨਿਭਾਈ।

### ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ

# ਗੁਰਦੁਆਰਾ ਬੇਰ ਸਾਹਿਬ ਦੇਗਸਰ ਛਾਉਣੀ ਨਿਹੰਗ ਸਿੰਘਾਂ ਵਿਖੇ ਵਿਰਸਾ ਸੰਭਾਲ ਗੱਤਕਾ ਮੁਕਾਬਲੇ ਹੋਣਗੇ- ਸਿੰਘ ਸਾਹਿਬ ਬਾਬਾ ਬਲਬੀਰ ਸਿੰਘ



**ਤਲਵੰਡੀ ਸਾਬੋ, 11 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁੱਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਵਿਚ ਬੁੱਢਾ ਦਲ ਦੀਆਂ ਨਿਹੰਗ ਸਿੰਘ ਫੌਜਾਂ ਵੱਲੋਂ ਵਿਸਾਖੀ ਪੁਰਬ ਨੂੰ ਸਰਪਿਤ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਅਰੰਭ ਕੀਤੇ ਗਏ ਜਿਸ ਦਾ ਭੋਗ 13 ਅਪ੍ਰੈਲ ਨੂੰ ਪਵੇਗਾ ਅਤੇ ਏਸੇ ਤਰ੍ਹਾਂ 12 ਅਪ੍ਰੈਲ ਨੂੰ ਸ੍ਰੀ ਦਸਮ ਗ੍ਰੰਥ ਜੀ ਅਤੇ ਸ੍ਰੀ ਸਰਬਲੋਹ ਗ੍ਰੰਥ ਜੀ ਦੇ ਅਖੰਡ ਪਾਠ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 14 ਅਪ੍ਰੈਲ ਨੂੰ ਪਾਏ ਜਾਣਗੇ। ਅੱਜ ਬੁੱਢਾ ਦਲ ਦੇ ਹੈਡਕੁਆਟਰ ਗੁ: ਬੇਰ ਸਾਹਿਬ ਦੇਗਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਕ ਅਰਦਾਸ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕੀਤੀ ਅਤੇ ਬਾਬਾ ਮੱਘਰ ਸਿੰਘ ਮੁੱਖ ਗ੍ਰੰਥੀ ਬੁੱਢਾ ਦਲ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਸਮੇਂ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਮੁੱਚੇ ਸੰਗਤ ਨੂੰ ਵਿਸਾਖੀ ਦੇ ਦਿਹਾੜੈ ਤੇ ਵੱਧ ਚੜ੍ਹ ਕੇ ਦਮਦਮਾ ਸਾਹਿਬ ਪੁੱਜਣ ਲਈ ਸੱਦਾ ਦਿੱਤਾ। ਇਸ ਤੋਂ ਪਹਿਲਾਂ ਬਾਬਾ ਬਲਬੀਰ ਸਿੰਘ ਗੁ: ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ। ਮੈਨੇਜ਼ਰ ਰਣਜੀਤ ਸਿੰਘ ਵੀ ਨਾਲ ਸਨ।ਅਰੰਭਕ ਅਰਦਾਸ ਸਮੇਂ ਇਸ ਸਮੇਂ ਬਾਬਾ ਜੱਸਾ ਸਿੰਘ, ਬਾਬਾ ਬਲਦੇਵ ਸਿੰਘ ਢੋਡੀਵਿੰਡ, ਬਾਬਾ ਅਰਜਨ ਸਿੰਘ ਸ਼ਿਵਜੀ, ਬਾਬਾ ਕੁਲਦੀਪ ਸਿੰਘ ਡੀ.ਸੀ, ਬਾਬਾ ਮਲੂਕ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਲਛਮਣ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਜੋਗਾ ਸਿੰਘ ਹਨੂੰਮਾਨਗੜ੍ਹ, ਬਾਬਾ ਇੰਦਰ ਸਿੰਘ, ਭਾਈ ਮਾਨ ਸਿੰਘ ਲਿਖਾਰੀ, ਬਾਬਾ ਮੇਜਰ ਸਿੰਘ ਮੁਖਤਾਰਿਆਮ, ਬਾਬਾ ਪ੍ਰੇਮ ਸਿੰਘ ਵਾਹਿਗੁਰੂ, ਬਾਬਾ ਲੱਖਾ ਸਿੰਘ ਅਤੇ ਆਦਿ ਸੰਗਤਾਂ ਵਿਚ ਹਾਜ਼ਰ ਸਨ। ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਦਸਿਆਂ ਕਿ ਦੋ ਰੋਜ਼ਾ ਬੁੱਢਾ ਦਲ ਦੇ ਹੈਂਡਕੁਆਟਰ ਵਿਖੇ ਸਿੱਖ ਸ਼ਸ਼ਤਰ ਕਲਾ ਗਤਕੇ ਦੇ ਮੁਕਾਬਲੇ ਕਰਵਾਏ ਜਾਣਗੇ। ਹਰ ਸਾਲ ਦੀ ਤਰਾਂ ਵਿਸਾਖੀ ਦੇ ਇਤਿਹਾਸਕ ਦਿਹਾੜੇ ਪੁਰ ਸਿੱਖ ਸ਼ਸ਼ਤਰ ਕਲਾ ਨਾਲ ਸਬੰਧਤ ਮਾਲਵਾ ਗਤਕਾ ਕੱਪ ਮੁਕਾਬਲੇ ਕਰਵਾਏ ਜਾਣਗੇ। ਇਸ ਵਾਰ ਇਨ੍ਹਾਂ ਮੁਕਾਬਲਿਆਂ ਵਿਚ 20 ਦੇ ਕਰੀਬ ਨਾਮਵਰ ਟੀਮਾਂ ਭਾਗ ਲੈਣਗੀਆਂ। ਨਾਮਵਰ ਉੱਚ ਕੋਟੀ ਦੇ ਰੈਫਰੀ, ਗਤਕਾ ਉਸਤਾਦ, ਜੱਜਮੈਂਟ ਦੀ ਸੇਵਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਸਿੱਖ ਪ੍ਰੰਪਰਾਵਾਂ ਵਿਚ ਸ਼ਸ਼ਤਰ ਕਲਾ ਦਾ ਅਹਿਮ ਸਥਾਨ ਹੈ ਇਸ ਲਈ ਇਸ ਕਲਾ ਦੀ ਪ੍ਰਫੁਲਤਾ ਲਈ ਅਜਿਹੇ ਜਤਨਾ ਦੀ ਅਹਿਮ ਲੋੜ ਹੈ। ਇਸੇ ਮਕਸਦ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਹਰ ਸਾਲ ਸਿੱਖ ਸ਼ਸ਼ਤਰ ਕਲਾ ਦੇ ਮੁਕਾਬਲਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਵਾਲੀਆਂ ਟੀਮਾਂ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੁੱਢਾ ਦਲ ਵਲੋਂ ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਰ ਸਾਲ ਦੋ ਰੋਜ਼ਾ ਅੰਤਰਰਾਸ਼ਟਰੀ ਗਤਕਾ ਮੁਕਾਬਲੇ ਕਰਵਾਏ ਜਾਂਦੇ ਹਨ।

### ਬੁੱਢਾ ਦਲ ਵੱਲੋਂ ਪੰਥਕ ਅਰਦਾਸ ਨਾਲ ਗੁਰਮਤਿ ਸਮਾਗਮ 11 ਅਪ੍ਰੈਲ ਤੋਂ ਅਰੰਭ

### ਹੁਸੈਨੀਵਾਲਾ—ਸੁਲੇਮਾਨ ਕੀ ਬਾਰਡਰ ਖੁਲਵਾਉਣ ਤੇ

# ਇੰਡਸਟਰੀਆ ਲਿਆਉਣ ਲਈ ਉਠਾਵਾਂਗਾ ਆਵਾਜ਼—ਭੁੱਲਰ



**ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ) :—** ਲੋਕ ਸਭਾ ਚੋਣਾਂ ਦਾ ਬਿਗੁਲ ਵਜਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਆਪਣੇ ਉਮੀਦਵਾਰਾਂ ਦੀ ਐਲਾਨੀ ਪਹਿਲੀ ਲਿਸਟ ਵਿਚ ਫ਼ਿਰੋਜ਼ਪੁਰ ਤੋਂ ਉਮੀਦਵਾਰ ਭੁਪਿੰਦਰ ਸਿੰਘ ਭੁੱਲਰ ਨੇ ਅੱਜ ਆਪਣੇ ਸਾਥੀਆਂ ਨੇ ਅਹਿਮ ਮੀਟਿੰਗ ਕਰਕੇ ਉਲੀਕੀ ਰੂਪ ਰੇਖਾ। ਇਸ ਮੌਕੇ ਬੋਲਦਿਆਂ ਭੁਪਿੰਦਰ ਸਿੰਘ ਭੁੱਲਰ ਨੇ ਕਿਹਾ ਕਿ ਜਿਲਾ ਫਿਰੋਜਪੁਰ ਜੋ ਕਿ ਕਿਸੇ ਸਮੇਂ ਹੱਦਬੰਦੀ ਵਿੱਚ ਪੰਜਾਬ ਦਾ ਇੱਕ ਨੰਬਰ ਦਾ ਜਿਲਾ ਸੀ, ਜਿਸ ਨੂੰ ਕੱਟ—ਕੱਟ ਕੇ ਇੱਕ ਪਿੰਡ ਵਾਗੂੰ ਬਣਾ ਦਿੱਤਾ ਹੈ ਅਤੇ ਦੂਸਰਾ ਫ਼ਿਰੋਜ਼ਪੁਰ ਦਾ ਹੁਸੈਨੀਵਾਲਾ ਬਾਰਡਰ ਬੰਦ ਕਰਕੇ ਫਿਰੋਜਪੁਰ ਦੀ ਤਰੱਕੀ ਬੰਦ ਕਰ ਦਿਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫ਼ਿਰੋਜਪੁਰ ਵਿਚ ਰੋਜ ਪਾਕਿਸਤਾਨ ਤੋਂ ਸਮੈਕ ਆਉਣ ਦੀਆਂ ਖਬਰਾਂ ਸੁਣ ਕੇ ਅੱਕ ਚੁਕੇ ਹਾਂ ਜਦੋਂ ਕਿ ਸਾਰਾ ਸੰਨਥੈਟਿਕ ਨਸ਼ਾ ਭਾਰਤ ਦੇ ਬਾਕੀ ਸੂਬਿਆਂ ਤੋਂ ਪੰਜਾਬ ਵਿਚ ਆ ਰਿਹਾ ਹੈ, ਪਰ ਬਦਨਾਮ ਪਾਕਿਸਤਾਨ ਨੂੰ ਕੀਤਾ ਜਾ ਰਿਹਾ ਹੈ। ਸ੍ਰੀ ਭੁੱਲਰ ਨੇ ਕਿਹਾ ਕਿ ਜਿਸ ਫਿਰੋਜਪੁਰ ਵਿੱਚ ਹੀਰਿਆਂ ਦੀ ਮੰਡੀ ਲੱਗਦੀ ਸੀ ਅੱਜ ਉਹ ਪਛੜੇ ਇਲਾਕਿਆਂ ਦੀ ਸੂਚੀ ਵਿੱਚ ਆ ਗਿਆ ਹੈ ਅਤੇ ਮੈਂ ਲੋਕਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਵਾਰ ਸ: ਸਿਮਰਨਜੀਤ ਸਿੰਘ ਮਾਨ ਨੂੰ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਜਿਤਾ ਕੇ ਲੋਕ ਸਭਾ ਵਿੱਚ ਭੇਜੋ ਤਾਂ ਕਿ ਜਿਸ ਤਰ੍ਹਾਂ ਸਿਮਰਨਜੀਤ ਸਿੰਘ ਨੇ ਡੇੜ ਸਾਲ ਵਿੱਚ ਸੰਗਰੂਰ ਵਿੱਚ ਗਰਾਟਾਂ ਦੇ ਕੇ ਸੰਗਰੂਰ ਦੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਹਨ ਅਤੇ ਕੈਂਸਰ ਪੀੜਤ ਲੋਕਾਂ ਨੂੰ ਇੱਕ ਕਰੋੜ ਰੁਪਏ ਦੇ ਕੇ ਉਨਾਂ ਦੀ ਮਦਦ ਕੀਤੀ ਹੈ ਅਤੇ ਇੱਕ ਕਰੋੜ ਦੇ ਟਰਾਈ ਸਾਈਕਲ ਅੰਗਹੀਣਾਂ ਨੂੰ ਵੰਡੇ ਗਏ ਹਨ, ਉਸੀ ਤਰ੍ਹਾਂ ਫ਼ਿਰੋਜ਼ਪੁਰ ਵਿੱਚ ਵੀ ਜੋ ਅੱਜ ਤੱਕ ਕਿਸੇ ਵੀ ਐਮ.ਪੀ ਨੇ ਨਹੀਂ ਕੀਤਾ, ਅਸੀ ਕਰਕੇ ਵਿਖਾਵਾਗੇ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਪਾਰਲੀਮੈਂਟ ਵਿੱਚ ਜਿਲਾ ਫਿਰੋਜਪੁਰ ਦੇ ਹੁਸੈਨੀਵਾਲਾ ਬਾਰਡਰ ਅਤੇ ਸੁਲੇਮਾਨ ਕੀ ਬਾਰਡਰ ਖੁਲਾਉਣ ਵਾਸਤੇ ਪਾਰਲੀਮੈਂਟ ਵਿੱਚ ਆਵਾਜ ਉਠਾਈ ਜਾਵੇਗੀ ਤੇ ਜਿਲਾ ਫਿਰੋਜਪੁਰ ਵਿੱਚ ਇੰਡਸਰੀਆ ਲਿਆਉਣ ਲਈ ਸਰਕਾਰ ਤੇ ਦਬਾਅ ਬਣਾਵਾਗੇ, ਜਿਸ ਨਾਲ ਸਾਡੀ ਨੌਜਵਾਨੀ ਨੂੰ ਰੁਜਗਾਰ ਮਿਲੇਗਾ ਅਤੇ ਨਸ਼ਿਆਂ ਤੋਂ ਨੌਜਵਾਨੀ ਵਾਪਿਸ ਆਵੇਗੀ।ਉਨ੍ਹਾਂ ਕਿਹਾ ਕਿ ਨਸ਼ਾ ਸੁਦਾਗਰਾਂ ਨੂੰ ਜੇਲਾਂ ਵਿੱਚ ਬੰਦ ਕੀਤਾ ਜਾਵੇਗਾ ਅਤੇ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਇਆ ਜਾਵੇਗਾ, ਕਰਾਹੇ ਪਏ ਨੌਜਵਾਨ ਜਿੰਨਾਂ ਨੂੰ ਸਰਕਾਰ ਗੈਂਗਸਟਰ ਕਹਿ ਕੇ ਮਾਰ ਰਹੀ ਹੈ ਉਨ੍ਹਾਂ ਨੂੰ ਘਰ ਵਾਪਸੀ ਕਰਵਾ ਕੇ ਚੰਗੇ ਸ਼ਹਿਰੀ ਬਣਾਵਾਂਗੇ, ਕਿਉਂਕਿ ਉਹ ਸਾਡੇ ਗੰਧਲੇ ਸਿਸਟਮ ਤੋਂ ਦੁਖੀ ਹੋ ਕੇ ਗਲਤ ਪਾਸੇ ਕਰਾਹੇ ਪਏ ਹਨ, ਜਿਨਾਂ ਨੂੰ ਅਸੀ ਮਰਨ ਨਹੀਂ ਦੇਣਾ ਅਤੇ ਆਪਣੇ ਪੰਜਾਬ ਦੀ ਨੌਜਵਾਨੀ ਦਾ ਘਾਣ ਨਹੀਂ ਹੋਣ ਦੇਣਾ। ਇਸ ਸਮੇਂ ਗੁਰਚਰਨ ਸਿੰਘ ਭੁੱਲਰ ਪੀ.ਏ.ਸੀ ਮੈਬਰ ਅਤੇ ਜਿਲਾ ਪ੍ਰਧਾਨ ਫਿਰੋਜਪੁਰ, ਯੂਥ ਪ੍ਰਧਾਨ ਤਜਿੰਦਰ ਸਿੰਘ ਦਿਉਲ, ਪੀ.ਏ.ਸੀ ਮੈਂਬਰ ਜਤਿੰਦਰ ਸਿੰਘ ਥਿੰਦ, ਪਰਗਟ ਸਿੰਘ ਵਾਹਕੇ ਮੁੱਖ ਬੁਲਾਰਾ, ਸੂਰਤ ਸਿੰਘ ਮਮਦੋਟ ਕਿਸਾਨ ਵਿੰਗ ਪ੍ਰਧਾਨ, ਸੁਖਦੇਵ ਸਿੰਘ ਵੇਹੜੀ ਦਿਹਾਤੀ ਪ੍ਰਧਾਨ, ਗੁਰਵਿੰਦਰ ਸਿੰਘ ਜਿਲਾ ਯੂਥ ਪ੍ਰਧਾਨ, ਜਗਜੀਤ ਸਿੰਘ ਦਫਤਰ ਸਕੱਤਰ, ਮੇਹਰ ਸਿੰਘ ਸਰਕਲ ਪ੍ਰਧਾਨ ਮਮਦੋਟ, ਸਰਬਜੀਤ ਸਿੰਘ ਕੋਟ ਕਰੋੜ ਪ੍ਰਧਾਨ ਬਲਾਕ ਘੱਲ ਖੁਰਦ, ਵਰਿੰਦਰ ਸਿੰਘ ਭੁੱਲਰ ਮੀਤ ਪ੍ਰਧਾਨ ਬਲਾਕ ਘੱਲ ਖੁਰਦ, ਕਰਤਾਰ ਸਿੰਘ ਸਰਕਲ ਪ੍ਰਧਾਨ ਆਰਫ ਕੇ, ਸੁੱਚਾ ਸਿੰਘ, ਬੋਹੜ ਸਿੰਘ ਥਿੰਦ ਸੀਨੀ ਆਗੂ ਫਿਰੋਜਪੁਰ, ਸੁਖਪ੍ਰੀਤ ਸਿੰਘ ਮੀਤ ਪ੍ਰਧਾਨ ਸਰਕਲ ਮਮਦੋਟ, ਰਣਜੀਤ ਸਿੰਘ ਮਾਨ ਮੀਡੀਆ ਇੰਨਚਾਰਜ, ਵਕੀਲ ਮਨਮੀਤ ਸਿੰਘ ਯੂਥ ਆਗੂ, ਹਰਪ੍ਰੀਤ ਸਿੰਘ, ਇਕਬਾਲ ਸਿੰਘ ਗੁਰੂਹਰਸਾਏ, ਹਰਪ੍ਰੀਤ ਸਿੰਘ, ਅਮਨਦੀਪ ਸਿੰਘ ਆਦਿ ਵੱਲੋਂ ਫ਼ਿਰੋਜ਼ਪੁਰ ਦੀ ਤਰੱਕੀ ਲਈ ਭੁਪਿੰਦਰ ਸਿੰਘ ਭੁੱਲਰ ਨੂੰ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ।

# ਗੁਰਦੁਆਰਾ ਸਾਹਿਬ ਵਿਚ ਸਿੱਖ ਰਹਿਤ ਮਰਿਆਦਾ ਬਹਾਲ ਕਰਵਾਈ ਜਾਵੇ—ਲਖਬੀਰ ਸਿੰਘ ਮਹਾਲਮ



**ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ) :—** ਗੁਰਦੁਆਰਾ ਬੇਰ ਸਾਹਿਬ ਗੁਰੂਹਰਸਹਾਏ ਵਿਖੇ ਰੁੱਖਾਂ ਦੀ ਹੋ ਰਹੀ ਪੂਜਾ ਦਾ ਵਿਰੋਧ ਕਰਦਿਆਂ ਸ੍ਰੀ ਗੁਰੂ ਸਾਹਿਬ ਸਤਿਕਾਰ ਕਮੇਟੀ ਪੰਜਾਬ ਦੇ ਸਰਪ੍ਰਸਤ ਲਖਬੀਰ ਸਿੰਘ ਮਹਾਲਮ ਨੇ ਅਜਿਹਾ ਮਰਿਆਦਾ ਦੇ ਉਲਟ ਹੈ। ਸ੍ਰੀ ਮਹਾਲਮ ਨੇ ਕਿਹਾ ਕਿ ਗੁਰੂਹਰਸਹਾਏ ਵਿਖੇ ਸਥਿਤ ਗੁਰਦੁਆਰਾ ਬੇਰ ਸਾਹਿਬ ਵਿਚ ਰੁੱਖਾਂ ਦੀ ਪੂਜਾ ਹੁੰਦੀ ਹੈ ਅਤੇ ਉਥੇ ਚਰਾਗ ਜਗਦੇ ਹਨ ਅਤੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਵਿਚ ਇਕ ਮੂਰਤੀ ਵੀ ਲੱਗੀ ਹੋਈ ਹੈ ਅਤੇ ਗੁਰਦੁਆਰਾ ਸਾਹਿਬ ਅੰਦਰ ਵੱਡੇ—ਵੱਡੇ ਟਲ ਲਗਾਏ ਹੋਏ ਹਨ, ਜ਼ੋ ਕਿ ਸਿੱਖ ਰਹਿਤ ਮਰਿਆਦਾ ਦੇ ਬਿਲਕੁਲ ਉਲਟ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਨੂੰ ਮੱਥਾ ਨਹੀਂ ਟੇਕਿਆ ਜਾ ਸਕਦਾ, ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਹ ਹੁਕਮ ਵੀ ਜਾਰੀ ਹੈ ਕਿ ਕਿਸੇ ਰੁੱਖ ਜਾਂ ਕਿਸੇ ਹੋਰ ਮੂਰਤੀ ਪੂਜਾ ਹੁੰਦੀ ਹੈ ਤਾਂ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋ ਸਕਦਾ, ਪਰ ਫਿਰ ਵੀ ਕੁਝ ਆਦਮੀਆਂ ਵੱਲੋਂ ਗੁਰੂ ਦੇ ਬਰਾਬਰ ਗੱਦੀਆਂ ਲਗਾਈਆਂ ਜਾ ਰਹੀਆਂ ਹਨ ਅਤੇ ਮੂਰਤੀ ਪੂਜਾ ਕਰਵਾਈ ਜਾ ਰਹੀ ਹੈ। ਰੋਹ ਜ਼ਾਹਿਰ ਕਰਦਿਆਂ ਲਖਬੀਰ ਸਿੰਘ ਮਹਾਲਮ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਨੂੰ ਤੁਰੰਤ ਰੋਕਿਆ ਜਾਵੇ ਅਤੇ ਮਰਿਆਦਾ ਬਹਾਲ ਕਰਵਾਈ ਜਾਵੇ, ਜੇਕਰ ਗੁਰਦੁਆਰਾ ਸਾਹਿਬ ਵਿਚ ਮਰਿਆਦਾ ਬਹਾਲ ਨਹੀਂ ਹੁੰਦੀ ਤਾਂ ਫਿਰ ਸਾਨੂੰ ਤਿੱਖਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਇਕ ਲਿਖਤੀ ਸ਼ਿਕਾਇਤ ਪੁਲਿਸ ਪ੍ਰਸ਼ਾਸਨ ਨੂੰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਕੌਮੀ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ, ਬਾਬਾ ਸਤਨਾਮ ਸਿੰਘ ਵਲੀਆ ਇੰਟਰਨੈਸ਼ਨਲ ਪੰਥਕ ਦਲ, ਜਥੇਦਾਰ ਭਾਈ ਬਲਕਾਰ ਸਿੰਘ ਕਲਗੀਧਰ ਅੰਮ੍ਰਿਤ ਸੰਚਾਰ ਜਥਾ ਅਤੇ ਏਕ ਨੂਰ ਖਾਲਸਾ ਫੌਜ਼ ਦੇ ਜ਼ਿਲ੍ਹਾ ਪ੍ਰਧਾਨ ਲਖਬੀਰ ਸਿੰਘ, ਸੰਤੋਖ ਸਿੰਘ, ਜ਼ਸਪਾਲ ਸਿੰਘ, ਹਜ਼ਾਰਾ ਸਿੰਘ, ਲਖਵੀਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਬਲਕਾਰ ਸਿੰਘ, ਸੁਖਦੇਵ ਸਿੰਘ ਮੌਜੂਦ ਸਨ।

# ਜਗਰਾਓ ਮਹਾਂ ਪੰਚਾਇਤ ਦੀ ਸਫਲਤਾ ਲਈ ਕਿਸਾਨ ਸੁਹਿਰਤ—ਜੰਗੀਰ ਸਿੰਘ ਖਹਿਰਾ



**ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ) :—** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲਾ ਫਿਰੋਜ਼ਪੁਰ ਦੀ ਮਹੀਨਾਵਾਰੀ ਮੀਟਿੰਗ ਜ਼ਿਲਾ ਪ੍ਰਧਾਨ ਜੰਗੀਰ ਸਿੰਘ ਖਹਿਰਾ ਅਤੇ ਜ਼ਿਲਾ ਜਨਰਲ ਸਕੱਤਰ ਗੁਲਜ਼ਾਰ ਸਿੰਘ ਕੱਬਰਵੱਛਾ  ਦੀ ਅਗਵਾਈ ਹੇਠ ਗੁਰੂਦਵਾਰਾ ਸਾਰਾਗੜ੍ਹੀ ਸਾਹਿਬ ਵਿਖੇ ਕੀਤੀ ਗਈ। ਇਸ ਮੌਕੇ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਕੜਮਾ ਨੇ ਬੋਲਦਿਆਂ ਕਿਹਾ ਕਿ ਪਿਛਲੇ ਦਿਨੀਂ ਐਸ.ਐਸ.ਪੀ ਦਫਤਰ ਦਾ ਘਿਰਾਓ ਕਰਨ ਸਮੇਂ ਜ਼ਿਲਾ ਫਿਰੋਜ਼ਪੁਰ ਵੱਲੋਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਗਈ, ਆਉਣ ਵਾਲੀ 21 ਮਈ ਨੂੰ ਜਗਰਾਓਂ ਵਿਖੇ ਹੋਣ ਵਾਲੀ ਮਹਾਂ ਪੰਚਾਇਤ ਵਿੱਚ ਜ਼ਿਲਾ ਫਿਰੋਜ਼ਪੁਰ ਵੱਲੋਂ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਏਗੀ। ਉਨ੍ਹਾਂ ਕਿਹਾ ਕਿ ਇਸ ਦੇ ਚਲਦਿਆਂ ਮਈ ਮਹੀਨੇ ਵਿੱਚ ਸਾਰੇ ਬਲਾਕਾਂ ਦੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ, ਇਸ ਮਹਾਂ ਪੰਚਾਇਤ ਨੂੰ ਸਫ਼ਲ ਬਣਾਇਆ ਜਾਵੇਗਾ ਅਤੇ ਐਸ.ਕੇ.ਐਮ ਦੇ ਪ੍ਰੋਗਰਾਮ ਅਨੁਸਾਰ ਜ਼ਿਲਾ ਫਿਰੋਜ਼ਪੁਰ ਵਿਚ ਬੀ.ਜੇ.ਪੀ ਦੇ ਆਗੂਆਂ ਦਾ ਘਿਰਾਓ ਕੀਤਾ ਜਾਵੇਗਾ ਅਤੇ ਸਵਾਲ ਜਵਾਬ ਕੀਤੇ ਜਾਣਗੇ, ਕਿਉਂਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ, ਕਿਸਾਨਾਂ ਉਪਰ ਗੋਲੀ ਚਲਾ ਕੇ ਸਾਡੇ ਕਿਸਾਨਾਂ ਨੂੰ ਸ਼ਹੀਦ ਕੀਤਾ ਗਿਆ, ਕਿਸਾਨਾਂ ਦੇ ਟਰੈਕਟਰਾਂ ਦੀ ਭੰਨ ਤੋੜ ਕੀਤੀ ਗਈ, ਅਥਰੂ ਗੈਸ ਦੇ ਗੋਲੇ ਦਾਗੇ ਗਏ, ਇਸ ਦੇ ਵਿਰੋਧ ਵਜੋਂ ਕਿਸਾਨਾਂ ਵੱਲੋਂ ਬੀ.ਜੇ.ਪੀ ਦੇ ਆਗੂਆਂ ਦਾ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਜ਼ਿਲਾ ਪ੍ਰੈਸ ਸਕੱਤਰ ਲਖਵੀਰ ਸਿੰਘ ਡੋਡ  ਬਲਾਕ ਗੁਰੂਹਰ ਸਹਾਏ 1 ਬਲਾਕ ਤੋਂ ਦਵਿੰਦਰ ਸਿੰਘ ਬਲਾਕ ਗੁਰੂਹਰਸਹਾਏ 2 ਬਲਾਕ ਪ੍ਰਧਾਨ ਸੁਖਦੇਵ ਢੋਟ ਸਤਨਾਮ ਚੰਦ ਸੰਧਾ, ਰਮਨ ਕੁਮਾਰ, ਗੁਰਦਿਆਲ ਚੰਦ, ਬੇਅੰਤ ਲਾਲ, ਗੁਰਦੇਵ ਸਿੰਘ, ਬਲਵਿੰਦਰ ਸਿੰਘ, ਗੁਰਬਖਸ਼ ਲਾਲ, ਜੱਟੂ ਰਾਮ ਮਮਦੋਟ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ ਹਰਬੰਸ ਸਿੰਘ ਜੋਧਪੁਰ ਹਰਜੀਤ ਸਿੰਘ ਗੱਟੀ, ਜਗਰਾਜ ਸਿੰਘ ਗੱਟੀ, ਜਤਿੰਦਰ ਸਿੰਘ ਕੜਮਾਂ, ਮਹਿਲ ਸਿੰਘ ਕੜਮਾਂ, ਮੇਜਰ ਸਿੰਘ ਚੰਦੀ ਘੱਲ ਬਲਾਕ ਪ੍ਰਧਾਨ ਸਾਹਿਬ ਸਿੰਘ ਵਾੜਾ ਭਾਈ ਕਾ ਨਿਰਮਲ ਸਿੰਘ, ਬਲਵੰਤ ਸਿੰਘ, ਰਾਜਵਿੰਦਰ ਸਿੰਘ, ਹਮੀਰ ਸਿੰਘ, ਅੰਗਰੇਜ ਸਿੰਘ, ਸੁਖਵਿੰਦਰ ਸਿੰਘ ਮੱਖੂ ਬਲਾਕ ਜਨਰਲ ਸਕੱਤਰ ਮੁਨਸ਼ਾ ਸਿੰਘ, ਭਜਨ ਸਿੰਘ, ਜਸਵਿੰਦਰ ਸਿੰਘ, ਪੱਪੂ, ਸੇਵਾ ਸਿੰਘ, ਜ਼ੀਰਾ ਬਲਾਕ ਤੋਂ ਗੁਰਚਰਨ ਸਿੰਘ ਨਾਜੂਸ਼ਾਹ ਵਾਲਾ, ਮਨੋਹਰ ਸਿੰਘ, ਗੁਰਭੇਜ ਸਿੰਘ, ਸੇਵਾ ਸਿੰਘ, ਗੁਰਨਾਮ ਸਿੰਘ, ਮੁਖਤਿਆਰ ਸਿੰਘ, ਗੁਰਮੀਤ ਸਿੰਘ ਫਿਰੋਜ਼ਪੁਰ ਬਲਾਕ ਪ੍ਰਧਾਨ ਅਮਰੀਕ ਸਿੰਘ ਪੱਲ੍ਹਾ ਮੇਘਾ ਕਰਨੈਲ ਸਿੰਘ, ਵਿਰਸਾ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਰੋਜ਼ਾ ਕੈਂਪ ਲਗਾਇਆ

ਤਰਨ ਤਾਰਨ, 11 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)- ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਸੁਖਮਿੰਦਰ ਸਿੰਘ ਜੀ ਸਕੱਤਰ ਵਿਦਿਆ ਦੀ ਯੋਗ ਅਗਵਾਈ ਵਿਚ ਚਲ ਰਹੇ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਐਨ ਐਸ ਐਸ ਵਿਭਾਗ ਦੇ ਕੋਆਰਡੀਨੇਟਰ ਡਾ ਰਨਦੀਪ ਕੌਰ ਦੀ ਅਗਵਾਈ ਵਿਚ ਅਜ 60 ਵਿਦਿਆਰਥੀਆਂ ਦਾ ਇਕ ਰੋਜ਼ਾ ਕੈਂਪ ਲਗਾਇਆ ਗਿਆ। ਜਿਸ ਵਿਚ ਵਿਦਿਆਰਥੀਆਂ ਨੂੰ ਪਹਿਲਾਂ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ  ਸ੍ਰੀ ਗੋਇੰਦਵਾਲ ਸਾਹਿਬ ਦੇ ਦਰਸ਼ਨ ਕਰਵਾਏ ਗਏ। ਉਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਲਿਜਾਇਆ ਗਿਆ ਜਿਥੇ ਵਿਦਿਆਰਥੀਆਂ ਨੇ ਪਹਿਲਾਂ ਗੁਰੂ ਘਰ ਮੱਥਾ ਟੇਕਿਆ।ਉਪਰੰਤ ਗੁਰਦੁਆਰਾ ਸਾਹਿਬ ਦਾ  ਇਤਿਹਾਸ ਸਰਵਨ ਕੀਤਾ   ਅਤੇ ਹਰ ਪ੍ਰਕਾਰ ਦੀ ਸੇਵਾ ਕੀਤੀ।  ਇਸ ਮੌਕੇ ਵਿਦਿਆਰਥੀਆਂ ਨਾਲ ਡਾ ਰਨਦੀਪ ਕੌਰ ਅਤੇ ਪ੍ਰੋ ਅਮਨਦੀਪ ਕੌਰ ਮੁੱਖੀ ਕੰਪਿਊਟਰ ਸਾਇੰਸ ਵਿਭਾਗ ਵੀ ਹਾਜਰ ਸਨ।

### ਵੈਸਟ ਮਿਡਲੈਂਡਜ਼ ਵਿੱਚ ਕੇਕ ਫੈਕਟਰੀ ਤੇ ਬੈੱਡ ਫੈਕਟਰੀ ’ਤੇ ਇਮੀਗ੍ਰੇਸ਼ਨ ਦੇ ਛਾਪੇ

# ਗੈਰ ਕਾਨੂੰਨੀ ਕੰਮ ਕਰਦੇ 7 ਭਾਰਤੀਆਂ ਸਮੇਤ 12 ਗ੍ਰਿਫਤਾਰ

## ਗੈਰ ਕਾਨੂੰਨੀ ਕੰਮ ਦੇਣ ਤੇ ਰੱਖਣ ਵਾਲੇ ਮਾਲਕਾਂ ਨੂੰ ਹੋ ਸਕਦਾ ਹੈ 20 ਤੋਂ 60 ਲੱਖ ਰੁਪਏ ਤੱਕ ਦਾ ਜੁਰਮਾਨਾ

**ਬਰਮਿੰਘਮ, 11 ਅਪ੍ਰੈਲ (ਸਰਬਜੀਤ ਸਿੰਘ ਬਨੂੜ)**-ਵੈਸਟ ਮਿਡਲੈਂਡਜ਼ ਵਿੱਚ ਕੇਕ ਫੈਕਟਰੀ ਤੇ ਬੈੱਡ ਫੈਕਟਰੀ ’ਤੇ ਹੋਮ ਆਫਿਸ ਦੇ ਛਾਪੇ ਤੋਂ ਬਾਅਦ 12 ਇਮੀਗ੍ਰੇਸ਼ਨ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਵਿੱਚ 7 ਭਾਰਤੀ ਨਾਗਰਿਕ ਹਨ।

ਖੁਫੀਆ ਜਾਣਕਾਰੀ ’ਤੇ ਇਮੀਗ੍ਰੇਸ਼ਨ ਇਨਫੋਰਸਮੈਂਟ ਅਫਸਰਾਂ ਨੇ ਬੈੱਡ ਫੈਕਟਰੀ ਵਿੱਚ ਗੈਰ ਕਾਨੂੰਨੀ ਕੰਮ ਕਰਦੇ ਲੋਕਾਂ ਨੂੰ ਫੜਿਆ ਗਿਆ ਤੇ ਨੇੜੇ ਹੀ ਕੇਕ ਫੈਕਟਰੀ ਤੋਂ ਚਾਰ ਭਾਰਤੀ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਹੈ। ਉਹ ਆਪਣੇ ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਦੇ ਪਾਏ ਗਏ ਅਤੇ ਇੱਕ ਵਿਅਕਤੀ ਗੈਰਕਾਨੂੰਨੀ ਤੌਰ ’ਤੇ ਕੰਮ ਕਰ ਰਿਹਾ ਸੀ। ਇਮੀਗ੍ਰੇਸ਼ਨ ਅਫਸਰਾਂ ਅਨੁਸਾਰ ਇੱਕ ਨਿੱਜੀ ਘਰ ਵਿੱਚੋਂ ਭਾਰਤੀ ਔਰਤ ਨੂੰ ਇਮੀਗ੍ਰੇਸ਼ਨ ਅਪਰਾਧਾਂ ਲਈ ਗ੍ਰਿਫਤਾਰ ਕੀਤਾ ਗਿਆ। ਬਾਅਦ ਦੁਪਹਿਰ ਤੱਕ ਵੈਸ਼ਟ ਮਿਡਲੈਂਜ ਵਿੱਚ ਕਈ ਥਾਵਾਂ ਤੇ ਛਾਪਿਆ ਦੀਆਂ ਖ਼ਬਰਾਂ ਹਨ। ਇਮੀਗ੍ਰੇਸ਼ਨ ਅਧਿਕਾਰੀਆਂ ਮੁਤਾਬਕ ਚਾਰ ਅਪਰਾਧੀਆਂ ਨੂੰ ਯੂਕੇ ਤੋਂ ਵਾਪਸ ਡਿਪੋਰਟ ਕਰਨ ਲਈ ਵਿਚਾਰ ਅਧੀਨ ਹਿਰਾਸਤ ਵਿੱਚ ਲਿਆ ਗਿਆ ਤੇ ਬਾਕੀ 8 ਨੂੰ ਇਸ ਸ਼ਰਤ ’ਤੇ ਜ਼ਮਾਨਤ ਦਿੱਤੀ ਗਈ ਕਿ ਉਹ ਨਿਯਮਤ ਤੌਰ ’ਤੇ ਹੋਮ ਆਫਿਸ ਨੂੰ ਰਿਪੋਰਟ ਕਰਨਗੇ। ਗੈਰ ਕਾਨੂੰਨੀ ਕਾਮਿਆਂ ਨੂੰ ਰੱਖਣ ਬਦਲੇ 2 ਕਾਰੋਬਾਰਾਂ ਨੂੰ ਹੁਣ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੇਕਰ ਇਹ ਸਾਬਤ ਹੋ ਗਿਆ ਉਹ ਕਾਮੇ ਗੈਰ-ਕਾਨੂੰਨੀ ਕੰਮ ਕਰਦੇ ਸਨ। ਜਿਕਰਯੋਗ ਹੈ ਕਿ ਇਸ ਸਾਲ ਫਰਵਰੀ ਵਿੱਚ, ਗ੍ਰਹਿ ਦਫਤਰ ਨੇ ਉਨ੍ਹਾਂ ਮਾਲਕਾਂ ਲਈ ਜੁਰਮਾਨੇ ਤਿੰਨ ਗੁਣਾ ਕਰ ਦਿੱਤੇ ਜੋ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਲਈ ਕੰਮ ਕਰਨ ਦਿੰਦੇ ਹਨ। ਪਹਿਲੀ ਉਲੰਘਣਾ ਲਈ ਇਹ ਪ੍ਰਤੀ ਗੈਰ-ਕਾਨੂੰਨੀ ਕਰਮਚਾਰੀ £15,000 ਤੋਂ £45,000 ਹੋ ਗਿਆ ਹੈ ਅਤੇ 3 ਸਾਲਾਂ ਦੇ ਅੰਦਰ ਦੁਹਰਾਉਣ ਲਈ ਜੁਰਮਾਨਾ £20,000 ਤੋਂ £60,000 ਭਾਰਤੀ ਕਰੰਸੀ ਵਿੱਚ 60 ਲੱਖ ਰੁਪਏ ਤੱਕ ਜੁਰਮਾਨਾ ਵਧ ਸਕਦਾ ਹੈ। ਮਾਈਕਲ ਟੌਮਲਿਨਸਨ ਐਮਪੀ, ਗੈਰਕਾਨੂੰਨੀ ਪਰਵਾਸ ਵਿਰੋਧੀ ਮੰਤਰੀ, ਨੇ ਕਿਹਾ ਕਿ ਇਹ ਕਾਰਵਾਈ ਇਸ ਗੱਲ ਦੀ ਸਪੱਸ਼ਟ ਉਦਾਹਰਣ ਹੈ ਕਿ ਅਸੀਂ ਦੇਸ਼ ਭਰ ਵਿੱਚ ਇਮੀਗ੍ਰੇਸ਼ਨ ਲਾਗੂ ਕਰਨ ਦੀਆਂ ਗਤੀਵਿਧੀਆਂ ਨੂੰ ਤੇਜ਼ ਕਰ ਰਹੇ ਹਾਂ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਰੁਜ਼ਗਾਰਦਾਤਾਵਾਂ ਨੂੰ ਕਾਫ਼ੀ ਵਧੇ ਹੋਏ ਜੁਰਮਾਨੇ ਦੀ ਉਮੀਦ ਕੀਤੀ ਜਾ ਸਕਦੀ ਹੈ, ਅਤੇ, ਜੇਕਰ ਕਾਮਿਆਂ ਨੂੰ ਇੱਥੇ ਰਹਿਣ ਜਾਂ ਕੰਮ ਕਰਨ ਦਾ ਕੋਈ ਅਧਿਕਾਰ ਨਹੀਂ ਪਾਇਆ ਜਾਂਦਾ ਹੈ, ਤਾਂ ਅਸੀਂ ਕਾਰਵਾਈ ਕਰਨ ਅਤੇ ਉਨ੍ਹਾਂ ਨੂੰ ਦੇਸ਼ ਤੋਂ ਵਾਪਸ ਭੇਜਣ ਤੋਂ ਸੰਕੋਚ ਨਹੀਂ ਕਰਾਂਗੇ। ਐਡੀ ਮੋਂਟਗੋਮਰੀ, ਹੋਮ ਆਫਿਸ ਵਿਖੇ ਇਨਫੋਰਸਮੈਂਟ, ਪਾਲਣਾ ਅਤੇ ਅਪਰਾਧ ਦੇ ਡਾਇਰੈਕਟਰ ਨੇ ਕਿਹਾ ਕਿ ਗੈਰ-ਕਾਨੂੰਨੀ ਕੰਮ ਦੇਸ ਨੂੰ ਗੰਭੀਰ ਨੁਕਸਾਨ ਪਹੁੰਚਾਉਂਦਾ ਹੈ। ਗ੍ਰਿਫਤਾਰੀਆਂ ਸਪੱਸ਼ਟ ਸੰਦੇਸ਼ ਦਿੰਦੀਆਂ ਹਨ ਕਿ ਅਸੀਂ ਇਸ ਖਤਰਨਾਕ ਅਭਿਆਸ ਨੂੰ ਨੱਥ ਪਾ ਰਹੇ ਹਾਂ। ਸਰਕਾਰ ਨੇ ਕਿਹਾ ਕਿ ਤਸਕਰ ਪ੍ਰਵਾਸੀਆਂ ਨੂੰ ਇਹ ਝੂਠ ਵੇਚਦੇ ਹਨ ਕਿ ਉਹ ਯੂਕੇ ਵਿੱਚ ਕੰਮ ਕਰ ਸਕਦੇ ਹਨ। ਅਸਲੀਅਤ ਇਹ ਹੈ ਕਿ ਉਹ ਅਜਿਹਾ ਨਹੀਂ ਕਰ ਸਕਦੇ ਅਤੇ ਜਿਹੜੇ ਲੋਕ ਗੈਰ-ਕਾਨੂੰਨੀ ਤੌਰ ’ਤੇ ਕੰਮ ਕਰਦੇ ਹਨ ਜਾਂ ਇਸ ਅਪਰਾਧ ਦੀ ਸਹੂਲਤ ਦਿੰਦੇ ਹਨ, ਉਨ੍ਹਾਂ ਨੂੰ ਕਾਨੂੰਨ ਦੇ ਅਨੁਸਾਰ ਭਾਰੀ ਜੁਰਮਾਨਿਆਂ ਦਾ ਸਾਹਮਣਾ ਕਰਨਾ ਪਵੇਗਾ। ਜਿਕਰਯੋਗ ਹੈ ਕਿ ਬਹੁਤੇ ਭਾਰਤੀ ਜੋ ਏਜੰਟਾਂ ਨੂੰ ਮੋਟੀ ਰਕਮਾਂ ਦੇ ਕੇ ਗੈਰ ਕਾਨੂੰਨੀ ਯੂ ਕੇ ਆਏ ਉਨ੍ਹਾਂ ਵਿੱਚ ਜ਼ਿਆਦਾ ਤਰ ਲੋਕ ਪੰਜਾਬ, ਗੁਜਰਾਤ ਅਤੇ ਹਰਿਆਣਾ ਤੋਂ ਦੱਸੇ ਜਾਂਦੇ ਹਨ ਜਿਨ੍ਹਾਂ ਦੇ ਕੰਮ ਕਰਨ ਵਾਲ਼ੀਆਂ ਥਾਵਾਂ ਜਾਅਲੀ ਸਨ ਉਨ੍ਹਾਂ ਨੂੰ ਫੜ ਕੇ ਸਰਕਾਰ ਵਾਪਸ ਭੇਜਣ ਦੀਆਂ ਤਿਆਰੀਆਂ ਵਿੱਚ ਹੈ।




ਆਵਾਜ਼ਿ ਕੌਮ AWAZE QAUM International Newspaper & WEB TV

# ਮਈ ਦਿਵਸ ਮਨਾਉਣ ਲਈ ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ ਨੇ ਕੀਤੀਆਂ ਵਿਚਾਰਾਂ

**ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ)** :— ਪਹਿਲੀ ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਲ ਇੰਪਲਾਈਜ ਕੋ—ਆਰਡੀਨੇਸਨ ਕਮੇਟੀ ਫਿਰੋਜਪੁਰ ਨੇ ਕਾਮਰੇਡ ਸੁਭਾਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਨੌਰਦਰਨ ਰੇਲਵੇ ਮੈਨਜ ਯੂਨੀਅਨ ਦਫਤਰ ਫਿਰੋਜ਼ਪੁਰ ਵਿਖੇ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਕੇਂਦਰ ਤੇ ਰਾਜ ਸਰਕਾਰ ਦੇ ਮੁਲਾਜ਼ਮਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਅਤੇ ਮਈ ਦਿਵਸ ਮਨਾਉਣ ਤੇ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫੈਸਲਾ ਲਿਆ ਕਿ ਇਸ ਵਾਰ ਪਹਿਲੀ ਮਈ ਡਰਾਈਵਰ ਤੇ ਗਾਰਡ ਰਨਿੰਗ ਰੂਮ ਦੇ ਨਾਲ ਖੁੱਲੇ ਪੰਡਾਲ ਵਿੱਚ ਮਨਾਇਆ ਜਾਵੇਗਾ। ਮੀਟਿੰਗ ਵਿੱਚ ਸ਼ਹੀਦ ਭਗਤ ਸਿੰਘ ਟੈਕਨੀਕਲ ਸਟੇਟ ਯੂਨੀਵਰਸਿਟੀ ਦੇ ਸਟਾਫ ਨੂੰ ਪਿਛਲੇ ਸੱਤ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਪੰਜਾਬ ਸਰਕਾਰ ਵਿਰੁੱਧ ਸ਼ੁਰੂ ਕੀਤੀ ਭੁੱਖ ਹੜਤਾਲ ਦਾ ਸਮਰਥਨ ਕਰਨ ਤੇ ਹਰ ਤਰ੍ਹਾਂ ਦੀ ਹਮਾਇਤ ਕਰਨ ਦਾ ਫੈਸਲਾ ਵੀ ਕੀਤਾ ਗਿਆ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਕਿ ਆਲ ਇੰਪਲਾਈਜ ਕੋ—ਆਰਡੀਨੇਸਨ ਕਮੇਟੀ ਫਿਰੋਜ਼ਪੁਰ ਦੀ ਚੋਣ ਮਈ ਦਿਵਸ ਤੋਂ ਬਾਅਦ ਕੀਤੀ ਜਾਵੇਗੀ। ਇਸ ਮੌਕੇ ਮਈ ਦਿਵਸ ਦੀ ਤਿਆਰੀ ਲਈ ਅਗਲੀ ਮੀਟਿੰਗ 22 ਅਪ੍ਰੈਲ ਦਿਨ ਸੋਮਵਾਰ ਨੂੰ ਨੌਰਦਨ ਰੇਲਵੇ ਮੈਨੇਜ ਯੂਨੀਅਨ ਦਫਤਰ ਫਿਰੋਜਪੁਰ ਵਿਖੇ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਏ.ਈ.ਸੀ.ਸੀ ਦੇ ਜਨਰਲ ਸਕੱਤਰ ਕਿਸ਼ਨ ਚੰਦ ਜਾਗੋਵਾਲੀਆ, ਖਜਾਨਚੀ ਮਹਿੰਦਰ ਸਿੰਘ ਧਾਲੀਵਾਲ, ਕਨਵੀਨਰ ਸੁਰਿੰਦਰ ਸਿੰਘ, ਪ੍ਰਵੀਨ ਕੁਮਾਰ ਸੈਂਟਰ ਵਾਈਸ ਪ੍ਰਧਾਨ, ਰਮੇਸ਼ ਠਾਕੁਰ ਸਾਬਕਾ ਪ੍ਰਧਾਨ ਐਨ.ਆਰ.ਐਮ.ਯੂ, ਰਜੀਵ ਹਾਡਾ ਜੀ.ਟੀ.ਯੂ, ਪ੍ਰਦੀਪ ਧਵਨ ਪੋਸਟ ਆਫਿਸ, ਜੇ.ਐਸ ਮਾਂਗਟ ਪ.ਸ.ਸ.ਫ, ਬਲਬੀਰ ਸਿੰਘ ਗੋਖੀਵਾਲਾ ਜੰਗਲਾਤ ਵਰਕਰ ਯੂਨੀਅਨ, ਦਲਜੀਤ ਸਿੰਘ ਯਾਰੇਸ਼ਾਹ, ਸਤਿੰਦਰ ਸਿੰਘ, ਗੁਰਪ੍ਰੀਤ ਸਿੰਘ, ਤਲਵਿੰਦਰ ਸਿੰਘ ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਅਨਿਲ ਸੇਠੀ ਬਰਾਂਚ ਸੈਕਟਰੀ ਐਨ.ਆਰ.ਐਮ.ਯੂ, ਗੁਲਸ਼ਨ ਕੁਮਾਰ, ਪੰਕਜ ਕੁਮਾਰ, ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਦੇ ਆਗੂ ਧੀਰਜ ਕੁਮਾਰ, ਸਾਗਰ, ਨੌਨਿਹਾਲ ਸਿੰਘ, ਹਰਵੀਰ ਕੌਰ ਤੇ ਸੁਖਪ੍ਰੀਤ ਕੌਰ, ਸਵਿੰਦਰਪਾਲ ਮੀਟਿੰਗ ਵਿੱਚ ਸ਼ਾਮਿਲ ਹੋਏ।



ਆਵਾਜ਼ਿ ਕੌਮ AWAZE QAUM International Newspaper & WEB TV

## ਯਰ ਜਮਾ ਹੀ ਮਰ ਗਏ, ਜਦੋ ਬੀਬੀਆਂ ਦੇ ਮੁਕਾਬਲੇ ਬਣਾਤੇ ਫਿਰ ਬੋਲੋਗੇ

ਯਰ ਜਮਾ ਹੀ ਮਰ ਗਏ, ਜਦੋ ਬੀਬੀਆਂ ਦੇ ਮੁਕਾਬਲੇ ਬਣਾਤੇ ਫਿਰ ਬੋਲੋਗੇ ?? ਮਾੜੀ ਮੋਟੀ ਸ਼ਰਮ ਕਰ ਲੋ ਯਾਰ, ਜਦੋ ਅਸੀਂ ਕੁੱਝ ਬੋਲਦੇ ਹਾ ਤਾ ਟੁੱਕ ਟੇਰ ਅਖੌਤੀ ਲੀਡਰਾਂ ਦੇ ਚੇਲੇ ਮੱਚ ਉਠਦੇ ਹਨ, ਅਮਰ ਸ਼ਹੀਦ ਭਾਈ ਅਮਰਜੀਤ ਸਿੰਘ ਦਾ ਝੂਠਾ ਪੁਲਿਸ ਮੁਕਾਬਲਾ ਬਣਾਏ ਨੂੰ ਚਾਰ ਦਿਨ ਹੋਗੇ ,ਸਿੱਖ ਜਥੇਬੰਦੀਆਂ ਚੋਂ ਕੋਈ ਵਿਚ ਨਹੀਂ ਬੋਲਿਆ ਯਰ, ਅਸੀਂ ਠੋਕ ਕੇ ਕਹਿਣੇ ਹਾ 99.9% ਜਥੇਬੰਦੀਆਂ ਤੋਰੀ ਫੁਲਕਾ ਚਲਾ ਰਹੀਆਂ ਹਨ ਜਿਹੜਾ ਮੇਰਾ ਕੱਟਾ ਧੁੱਪੇ ਬੰਨਣਾ ਬੰਨ ਲੋ ਭੋਗ ਵਾਲੇ ਦਿਨ ਦੇਖਿਓ ਚਲਿੱਤਰੀ ਜਨਾਨੀਆਂ ਵਾਂਗੂ ਸਟੇਜ ਤੇ ਖੇਖਣ ਕਰਦੇ, ਕਿਸੇ ਨੂੰ ਇਹ ਵਿਚ ਨਹੀਂ ਪਤਾ ਹੋਣਾ ਅਮਰ ਸ਼ਹੀਦ ਭਾਈ ਅਮਰਜੀਤ ਸਿੰਘ ਦਾ ਇੱਕ ਭਰਾ ਭਾਈ ਜਤਿੰਦਰ ਸਿੰਘ ਵਿਕੀ ਚੀਮਾ 1992 ਵਿੱਚ ਖਾੜਕੂ ਸੰਘਰਸ਼ ਵਿੱਚ ਸ਼ਹੀਦ ਹੋ ਚੁੱਕਾ ਹੈ ,ਸਿੱਖ ਸੰਗਤ ਟੁੱਕ ਟੇਰ ਤੋਰੀ ਫੁਲਕਾ ਸਿੱਖ ਜਥੇਬੰਦੀਆਂ ਤੋ ਸੋਚੇਤ ਰਹੇ।

**-ਸੁਰਿੰਦਰ ਸਿੰਘ ਠੀਕਰੀਵਾਲ**



ਆਵਾਜ਼ਿ ਕੌਮ AWAZE QAUM International Newspaper & WEB TV

### ਸਿਹਤ ਵਿਭਾਗ ਵਲੋਂ ਬੀ.ਐਸ.ਐਫ ਦੇ 155 ਬਟਾਲੀਅਨ ਚੌਂਕੀ ਬੈਰੀਅਰ ਵਿਖੇ

# ਡੇਂਗੂ ਤੇ ਮਲੇਰੀਏ ਦੇ ਡੰਕ ਤੋ ਬੱਚਣ ਲਈ ਕੀਤਾ ਜਗਰੂਕ

**ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ)** :— ਸਿਹਤ ਵਿਭਾਗ ਵਲੋਂ ਡੇਂਗੂ ਤੇ ਮਲੇਰੀਏ ਦੇ ਡੰਕ ਤੋਂ ਬਚਣ ਲਈ ਪੂਰੀ ਤਰ੍ਹਾਂ ਨਾਲ ਕਮਰ ਕਸੀ ਅਤੇ ਇਸੇ ਮੁਹਿੰਮ ਤਹਿਤ ਵਿਭਾਗ ਵਲੋਂ ਡਾ: ਰਮਨ ਗੁਪਤਾ ਐਸ.ਐਮ.ਓ ਮਮਦੋਟ ਦੀ ਅਗਵਾਈ ਹੇਠ ਬੀ.ਐਸ.ਐਫ 155 ਬਟਾਲੀਈਨ ਚੌਂਕੀ ਬੇਰਿਅਰ ਵਿਖੇ ਜਾ ਕੇ ਜਵਾਨਾਂ ਨੂੰ ਡੇਗੂ ਅਤੇ ਮਲੇਰੀਏ ਦੇ ਪ੍ਰਕੋਪ ਤੋਂ ਬਚਾਉ ਲਈ ਸ੍ਰੀ ਅੰਕੁਸ਼ ਭੰਡਾਰੀ ਬੀ.ਈ.ਈ ਨੇ ਕਿਹਾ ਕਿ ਗਰਮੀਆਂ ਦਾ ਮੌਸਮ ਸ਼ੁਰੂ ਹੋ ਗਿਆ ਹੈ ਅਤੇ ਡੇਂਗੂ ਤੇ ਮਲੇਰੀਏ ਦੇ ਡੰਕ ਤੋਂ ਜਵਾਨਾਂ ਨੂੰ ਬਚਾਉਣ ਅਤੇ ਮੱਛਰਾਂ ਕਰਕੇ ਫੈਲਣ ਵਾਲੀ ਬਿਮਾਰੀ ਨੂੰ ਫੈਲਣ ਤੋਂ ਰੋਕਣ ਅਤੇ ਇਸ ਤੋਂ ਬਚਾਅ ਦੇ ਲਈ ਸਿਹਤ ਵਿਭਾਗ ਦੀ ਟੀਮ ਜਵਾਨਾਂ ਨੂੰ ਬਰੈਕ ਦੇ ਅੰਦਰ ਤੇ ਬਾਹਰ ਸਾਫ—ਸਫਾਈ ਵੱਲ ਧਿਆਨ ਦੇਣ ਲਈ ਪ੍ਰੇਰਿਤ ਕਰ ਰਹੀ ਹੈ ਤੇ ਉਨ੍ਹਾਂ ਕਿਹਾ ਕਿ ਡੇਂਗੂ ਬੁਖਾਰ ਐਡੀਜ਼ ਨਾਮ ਦੇ ਮੱਛਰ ਨਾਲ ਫੈਲਦਾ ਹੈ ਅਤੇ ਇਹ ਸਾਫ਼ ਪਾਣੀ ਵਿਚ ਪਨਪਦਾ ਹੈ। ਜਦਕਿ ਮਲੇਰੀਏ ਦਾ ਮੱਛਰ ਮਾਦਾ ਐਨਾਫਲੀਜ਼ ਰਾਹੀ ਫੈਲਦਾ ਹੈ ਉਹਨਾਂ ਦੱਸਿਆ ਡੇਗੂ ਮੱਛਰ ਦੇ ਕੱਟਣ ਨਾਲ ਕਿ ਜਦੋਂ ਵਿਅਕਤੀ ਦੇ ਪਲੇਟਲੈਟ ਘੱਟਦੇ ਹਨ ਤਾਂ ਉਹ ਤੁਰੰਤ ਨੇੜ੍ਹੇ ਦੇ ਸਰਕਾਰੀ ਹਸਪਤਾਲ ਵਿਚ ਜਾ ਕੇ ਆਪਣਾ ਇਲਾਜ਼ ਕਰਵਾਉਣ ਉਨ੍ਹਾਂ ਕਿਹਾ ਕਿ ਡੇਂਗੂ ਦਾ ਬੁਖਾਰ ਹੋਣ ਤੇ ਸਿਰਫ ਪੈਰਾਸਿਟਮੋਲ ਦੀ ਗੋਲੀ ਹੀ ਖਾਣੀ ਚਾਹੀਦੀ ਹੈ ਅਤੇ ਐਸਪਰੀਨ ਦੀ ਗੋਲੀ ਦੀ ਵਰਤੋਂ ਨਾ ਕੀਤੀ ਜਾਵੇ। ਉਹਨਾਂ ਕਿਹਾ ਕਿ ਪਾਣੀ ਵੱਧ ਤੋਂ ਵੱਧ ਪੀਣਾ ਚਾਹੀਦਾ ਹੈ ਤਾਂ ਜ਼ੋ ਪਿਸ਼ਾਬ ਵੱਧ ਤੋਂ ਵੱਧ ਆਵੇ ਇਸ ਮੌਕੇ ਬੋਲਦਿਆਂ ਸ਼੍ਰੀ ਅਮਰਜੀਤ ਮ.ਪ.ਹ.ਵ (ਮੇਲ) ਨੇ ਕਿਹਾ ਕਿ ਜੇਕਰ ਵਿਅਕਤੀ ਦੇ ਸ਼ਰੀਰ ਤੇ ਲਾਲ ਧੱਬੇ ਨਜ਼ਰ ਆਉਣ ਤਾਂ ਸਰਕਾਰੀ ਹਸਪਤਾਲ ਵਿਚ ਇਲਾਜ਼ ਲਈ ਪਹੁੰਚ ਕੀਤੀ ਜਾਵੇ। ਇਸ ਮੌਕੇ ਉਨ੍ਹਾਂ ਨੇ ਦੱਸਿਆ ਕਿ ਮੱਛਰ ਸਾਫ਼ ਤੇ ਖੜ੍ਹੇ ਪਾਣੀ ਵਿਚ ਪਲਦਾ ਹੈ ਅਤੇ ਹਵਾ ਲਈ ਲਗਾਏ ਕੂਲਰਾਂ ਦਾ ਪਾਣੀ ਵੀ ਦਿਨ ਵਿਚ ਦੋ ਵਾਰ ਬਦਲਣਾ ਚਾਹੀਦਾ ਹੈ, ਕਿਉਂਕਿ ਮਲੇਰੀਏ ਤੇ ਡੇਂਗੂ ਦਾ ਮੱਛਰ ਖੜੇ ਪਾਣੀ ਤੋਂ ਪੈਦਾ ਹੋ ਜਾਂਦਾ ਹੈ ਉਨ੍ਹਾਂ ਦੱਸਿਆ ਕਿ ਡੇਗੂ ਦੇ ਪ੍ਰਕੋਪ ਨੂੰ ਰੋਕਣ ਦੇ ਲਈ ਹਰ ਸ਼ੁਕਰਵਾਰ ਨੂੰ ਡ੍ਰਾਈ ਡੇ ਮਨਾਇਆ ਜਾ ਰਿਹਾ ਹੈ ਅਤੇ ਇਸ ਦਿਨ ਹਰ ਇਕ ਜਵਾਨ ਬੈਰਕ ਅਤੇ ਦਫਤਰ ਦੇ ਕੂਲਰਾਂ ਤੇ ਆਲੇ—ਦੁਆਲੇ ਖੜੇ ਪਾਣੀ ਦੀ ਸਫਾਈ ਕਰੇ ਤਾਂ ਜੋ ਮੱਛਰ ਪੈਦਾ ਨਾ ਹੋ ਸਕਣ ਤੇ ਜਾਣਕਾਰੀ ਸਾਂਝੀ ਕਰਦਿਆਂ ਸ੍ਰੀ ਅੰਕੁਸ਼ ਭੰਡਾਰੀ ਤੇ ਅਮਰਜੀਤ ਮ.ਪ.ਹ.ਵ (ਮੇਲ) ਨੇ ਕਿਹਾ ਕਿ ਜਿਆਦਾ ਦਿਨਾਂ ਤੱਕ ਖੜ੍ਹੇ ਪਾਣੀ ਵਿਚ ਸਮੇਂ—ਸਮੇਂ *ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾਉਣੀ ਅਤਿ ਜ਼ਰੂਰੀ ਹੈ ਤਾਂ ਜੋ ਮਲੇਰੀਏ ਤੇ ਡੇਂਗੂ ਦਾ ਵਾਰ ਕਰਦੇ ਮੱਛਰਾਂ ਦਾ ਖਾਤਮਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜਿਆਦਾਂ ਦਿਨਾਂ ਤੱਕ ਖੁੱਲੀ ਹਵਾ ਵਿਚ ਖੜ੍ਹੇ ਪਾਣੀ ਉਪਰ ਅਜਿਹਾ ਮੱਛਰ ਪਨਪਨ ਲੱਗਦਾ ਹੈ, ਜੋ ਮਨੁੱਖੀ ਸਰੀਰ ਲਈ ਕਈ ਘਾਤਕ ਬਿਮਾਰੀਆਂ ਦਾ ਕਾਰਣ ਬਣ ਗੁਜਰਦਾ ਹੈ ਅਤੇ ਇਨ੍ਹਾਂ ਮੱਛਰਾਂ ਦੇ ਵਾਰ ਹੇਠ ਆਏ ਮਨੁੱਖ ਨੂੰ ਮਲੇਰੀਆ ਤੇ ਡੇਂਗੂ ਜਿਹੀਆਂ ਬਿਮਾਰੀਆਂ ਆਣ ਘੇਰਦਿਆਂ ਹਨ, ਜਿਸ ਕਰਕੇ ਮਨੁੱਖ ਕਈ ਦਿਨਾਂ ਤੱਕ ਬਿਮਾਰੀ ਨਾਲ ਲਿਪਤ ਹੋਣ ਕਰਕੇ ਉਠਣ ਦੇ ਯੋਗ ਨਹੀਂ ਹੋ ਪਾਉਂਦਾ। ਮਲੇਰੀਏ ਤੇ ਡੇਂਗੂ ਦੀ ਬਿਮਾਰੀ ਨਾਲ ਲਿਪਤ ਹੋਣ ਵਾਲੇ ਮਰੀਜ਼ ਦੀ ਪਹਿਚਾਣ ਦੱਸਦਿਆਂ ਉਨ੍ਹਾਂ ਕਿਹਾ ਕਿ ਠੰਡ ਲੱਗਣੀ, ਕਾਂਬਾ ਚੜਣਾ, ਪੇਟ ਵਿਚ ਦਰਦ, ਭੁੱਖ ਘੱਟ ਲੱਗਣੀ ਜਾਂ ਨਾ ਲੱਗਣੀ, ਸਿਰ ਵਿਚ ਦਰਦ ਰਹਿਣਾ ਅਤੇ ਬੁਖਾਰ ਰਹਿਣਾ ਜੋ ਪਸੀਨਾ ਆਉਣ *ਤੇ ਉਤਰ ਜਾਣਾ ਅਹਿਮ ਕਾਰਣ ਹਨ ਅਤੇ ਅਜਿਹਾ ਮਹਿਸੂਸ ਹੋਣ *ਤੇ ਮਰੀਜ਼ ਨੂੰ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਤਾਂ ਜੋ ਉਹ ਮਹਿਫੂਜ਼ ਰਹਿ ਸਕੇ। ਉਨ੍ਹਾਂ ਕਿਹਾ ਕਿ ਮੱਛਰ ਦੀ ਮਾਰ ਹੇਠ ਆਇਆ ਮਨੁੱਖ ਬਿਮਾਰੀ ਨਾਲ ਇਸ ਕਦਰ ਜਕੜ ਜਾਂਦਾ ਹੈ ਕਿ ਕਈ ਵਾਰ ਉਸ ਨੂੰ ਖੰਘ ਕਰਨ *ਤੇ ਮੂੰਹ ਵਿਚ ਖੂਨ ਆਉਣ ਲੱਗਦਾ ਹੈ, ਜਿਸ ਤੋਂ ਮਨੁੱਖ ਨੂੰ ਘਬਰਾਉਣ ਦੀ ਬਜਾਏ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਤਾਂ ਜੋ ਸਮਾਂ ਰਹਿੰਦਿਆਂ ਇਲਾਜ ਕੀਤਾ ਜਾ ਸਕੇ। ਇਸ ਮੌਕੇ ਮਹੇਸ਼ ਅਸਿਸਟੈਂਟ ਕਮੰਡੇਟ, ਡਾ: ਕੁਲਦੀਪ ਯਾਦਵ ਮੈਡੀਕਲ ਅਫਸਰ ਯੂਨਿਟ ਹੌਸਪੀਟਲ ਖਾਈ ਮਹਿਲ ਸਿੰਘ, ਬੀ.ਐਸ.ਐਫ ਕੈਪਸ ਤੇ ਜਵਾਨ ਹਾਜ਼ਰ ਸਨ।




ਆਵਾਜ਼ਿ ਕੌਮ AWAZE QAUM International Newspaper & WEB TV


ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ॥
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥
ਖ਼ਾਲਸਾ ਸਾਜਨਾ ਦਿਵਸ
Saturday 13th April 2024
Special Diwan 8:00am to 9:00pm
ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹੌਂ ਕਰੌਂ ਨਿਵਾਸ॥
Bhog Sri Akhand Path Sahib 9:00am
Arti Arta , Ardas and Hukamnama Sahib 9:00am to 11:00am
Kirtan Bhai Yodhbir Singh ji and Bhai Mohinder Singh ji
Khadur Sahib Wale 11:00am to 12:00pm
Katha Bhai Lakhwinder Singh ji 12:00pm to 1:00pm
Kirtan Bhai Balwinder Singh ji 1:00pm to 2:00pm
Kavishri Jatha Bhai Swaran Singh ji 2:00am to 2:45pm
Kirtan Bhai Gulzar Singh ji 2:45pm to 3:30pm
Bir Baba Buddha Sahib ji
Kirtan Bhai Ravinder Singh ji 3:30pm-4:00pm
Katha Bhai Harbhinder Singh ji 4:00pm to 4:30pm
Kirtan Bhai Bhupinder Singh ji 4:30pm to 5:15pm
Paath Sri Rehraas Sahib 5:15pm to 6:00pm
Katha Bhai Lakhwinder Singh ji 6:00pm to 6:30pm
Kirtan Bhai Manmeet Singh ji 6:30pm to 7:15pm
Kirtan Bhai Paramjeet Singh ji 7:15pm to 8:00pm
Dhadi Jatha ASA Khalsa 8:00pm to 8:45pm
Sri Guru HarRai Sahib Ji
ਆਵਾਜ਼ਿ ਕੌਮ AWAZE QAUM
International Newspaper & WEB TV
GURDWARA GURU HAR RAI SAHIB JI
127-128 High St,West Bromwich B706JW
More info Bhai Daya Singh ji 07777222181 Bhai Khalsa Singh ji 07454023665

### ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਦੇ ਤਨਖਾਹੋਂ ਵਾਂਝੇ ਮੁਲਾਜ਼ਮਾਂ ਨੇ

# ਅੱਜ ਵੀ ਜਾਰੀ ਰੱਖੀ ਭੁੱਖ ਹੜਤਾਲ—ਪਰਿਵਾਰਕ ਮੈਂਬਰ ਤੇ ਰਾਜਨੇਤਾਵਾਂ ਨੇ ਦਿੱਤਾ ਸਮਰਥਨ



ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ) :— ਨੌਜਵਾਨੀ ਨੂੰ ਸਿੱਖਿਆ ਦਾ ਗਹਿਣਾ ਦੇ ਕੇ ਪੈਰਾਂ ਸਿਰ ਕਰਨ ਵਾਲੀ ਜਮਾਤ ਨੂੰ ਲੰਬੇ ਅਰਸੇ ਤੋਂ ਆਪਣੀਆਂ ਤਨਖਾਹਾਂ ਨਾ ਮਿਲਣ ਦੀ ਸੂਰਤ ਵਿਚ ਕਰਨੀ ਪੈ ਰਹੀ ਏ ਭੁੱਖ ਹੜਤਾਲ। ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਸਟਾਫ ਵੱਲੋਂ ਤਨਖਾਹਾਂ ਨਾ ਮਿਲਣ ਦੇ ਵਿਰੋਧ ਵਿਚ ਕੀਤੀ ਜਾ ਰਹੀ ਭੁੱਖ ਹੜਤਾਲ ਵਿਚ ਅੱਜ ਪਰਿਵਾਰਕ ਮੈਂਬਰਾਂ ਅਤੇ ਰਾਜਨੇਤਾਵਾਂ ਨੇ ਪਹੁੰਚ ਕਰਕੇ ਮੁਲਾਜ਼ਮਾਂ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਸਟਾਫ ਨੂੰ ਪਿਛਲੇ ਸੱਤ ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝਾ ਕੀਤਾ ਹੋਇਆ ਹੈ, ਜਿਸ ਕਰਕੇ ਮੁਲਾਜ਼ਮਾਂ ਅੰਦਰ ਰੋਹ ਫੈਲ ਰਿਹਾ ਹੈ ਅਤੇ ਲਗਾਤਾਰ ਤਨਖਾਹਾਂ ਨਾ ਮਿਲਣ ਕਰਕੇ ਮਾਲੀ ਹਾਲਤ ਵੀ ਪਤਲੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ 2022 ਵਿਚ ਯੂਨੀਵਰਸਿਟੀ ਦੀ ਸਲਾਨਾ ਗਰਾਂਟ 15 ਕਰੋੜ ਤੋਂ ਵਧਾ ਕੇ ਦੁਗਣੀ ਕਰਨ ਦਾ ਐਲਾਨ ਕੀਤਾ ਸੀ, ਪਰ ਇਹ ਵਾਅਦਾ ਅਜੇ ਤੱਕ ਪੂਰਾ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਇਸ ਸਾਲ ਦੇ ਬਜਟ ਵਿਚ ਵੀ ਯੂਨੀਵਰਸਿਟੀ ਦੀ ਗਰਾਂਟ ਵਿਚ ਕੋਈ ਵਾਧਾ ਨਜ਼ਰ ਨਹੀਂ ਆ ਰਿਹਾ ਅਤੇ ਨਵੇਂ ਬਣੇ ਵਾਈਸ ਚਾਂਸਲਰ ਡਾਕਟਰ ਸੁਸ਼ੀਲ ਮਿੱਤਲ ਵੱਲੋਂ ਪੈਡਿੰਗ ਤਨਖਾਹਾਂ ਲਈ ਸਪੈਸ਼ਲ ਗਰਾਂਟ ਜਾਰੀ ਕਰਵਾਉਣ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਨੇ ਉਨ੍ਹਾਂ ਦੀ ਵੀ ਨਹੀਂ ਸੁਣੀ। ਉਨ੍ਹਾਂ ਕਿਹਾ ਕਿ ਤਨਖਾਹਾਂ ਦੀ ਪ੍ਰਾਪਤੀ ਲਈ ਸਮੂਹ ਸਟਾਫ 14 ਮਾਰਚ ਤੋਂ ਕਲਮ ਛੋੜ ਹੜਤਾਲ ਤੇ ਚੱਲ ਰਿਹਾ ਹੈ, ਪ੍ਰੰਤੂ ਸਰਕਾਰ ਨੂੰ ਮੁਲਾਜ਼ਮਾਂ ਦੀ ਤਨਖਾਹ ਦੀ ਕੋਈ ਚਿੰਤਾ ਨਹੀਂ ਹੈ ਅਤੇ ਨਾ ਹੀ ਵਿਦਿਆਰਥੀਆਂ ਦੀ ਪੜ੍ਹਾਈ ਤੇ ਭਵਿੱਖ ਦੀ ਕੋਈ ਚਿੰਤਾ ਹੈ। ਉਨ੍ਹਾਂ ਕਿਹਾ ਕਿ ਅੱਜ ਪ੍ਰੋਫੈਸਰ ਰਾਜੀਵ ਅਰੋੜਾ ਅਤੇ ਦਵਿੰਦਰ ਮੌਂਗਾ ਭੁੱਖ ਹੜਤਾਲ ਤੇ ਬੈਠੇ, ਜਿਸ ਉਪਰੰਤ ਸਮੂਹ ਸਟਾਫ ਵੱਲੋਂ ਗੇਟ ਰੈਲੀ ਕੱਢੀ ਗਈ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ। ਅੱਜ ਦੀ ਗੇਟ ਰੈਲੀ ਤੇ ਭੁੱਖ ਹੜਤਾਲ ਵਿਚ ਸਮਰਥਨ ਦੇਣ ਵਾਲਿਆਂ ਵਿਚ ਭਾਜਪਾ ਨੇਤਾ ਹੀਰਾ ਸਿੰਘ ਸੋਢੀ, ਸਮਸ਼ੇਰ ਸਿੰਘ ਕਾਕੜ, ਜ਼ਸਮੇਲ ਸਿੰਘ ਲਾਡੀ ਗਹਿਰੀ, ਉੱਘੇ ਸਮਾਜ ਸੇਵੀ ਹਰੀਸ਼ ਮੌਂਗਾ, ਸ੍ਰੀਮਤੀ ਆਸ਼ਾ ਮੌਂਗਾ ਅਤੇ ਪੰਜਾਬ ਸੂਬਾਰਡੀਨੇਟਰ ਸਰਵਿਸ ਫੈਡਰੇਸ਼ਨ ਦੇ ਨੇਤਾ ਮਹਿੰਦਰ ਸਿੰਘ ਧਾਲੀਵਾਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਬੁਲਾਰਿਆਂ ਨੇ ਇਸ ਗੱਲ ਤੇ ਹੈਰਾਨੀ ਪ੍ਰਗਟਾਈ ਕਿ ਇਕ ਪਾਸੇ ਤਾਂ ਸਰਕਾਰ ਆਪਣੇ ਵਿਰੋਧ ਪ੍ਰਦਰਸ਼ਨ ਲਈ ਭਗਤ ਸਿੰਘ ਦਾ ਜਨਮ ਸਥਾਨ ਚੁਣਦੀ ਹੈ, ਪਰ ਦੂਸਰੇ ਪਾਸੇ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਬਣੀ ਇਸ ਯੂਨੀਵਰਸਿਟੀ ਦੇ ਸਟਾਫ ਨੂੰ ਤਨਖਾਹਾਂ ਤੋਂ ਵੀ ਵਾਂਠਾ ਕਰ ਰੱਖਿਆ ਹੈ, ਸਰਕਾਰ ਦਾ ਤਕਨੀਕੀ ਸਿੱਖਿਆ ਦੇ ਪਸਾਰ ਵੱਲ ਉਕਾ ਹੀ ਧਿਆਨ ਨਹੀਂ ਜਾਪਦਾ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੇ ਇਸ ਸੰਘਰਸ਼ ਵਿਚ ਉਹ ਮੋਢੇ ਨਾਲ ਮੋਢਾ ਜ਼ੋੜ ਕੇ ਖੜਣਗੇ ਤੇ ਸਰਕਾਰ ਨੂੰ ਇਸ ਮੁੱਦੇ ਤੇ ਘੇਰਣਗੇ। ਮੁਲਾਜ਼ਮ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਬਕਾਇਆ ਤਨਖਾਹਾਂ ਲਈ 11.65 ਕਰੋੜ ਦੀ ਗਰਾਂਟ ਜਾਰੀ ਨਾ ਕੀਤੀ ਅਤੇ ਇਸ ਵਿੱਤੀ ਸਾਲ ਲਈ ਗਰਾਂਟ ਵਿਚ ਵਾਧਾ ਨਾ ਕੀਤਾ ਤਾਂ ਇਸ ਸੰਘਰਸ਼ ਨੂੰ ਪੰਜਾਬ ਪੱਧਰ ਤੇ ਲੜਿਆ ਜਾਵੇਗਾ, ਜਿਸ ਦੀ ਸਾਰੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

### ਸਿੱਖ ਜਥੇਬੰਦੀਆਂ ਨੇ ਮਰਿਆਦਾ ਮੁੱਦੇ ਤੇ ਗੁ: ਬੇਰ ਸਾਹਿਬ ਵਿਖੇ ਵੱਡੀ ਕਾਰਵਾਈ ਕੀਤੀ

# ਮਰਿਆਦਾ ਨੂੰ ਪਿਛੇ ਛੱਡ ਕੇ ਮਨਮੱਤ ਦਾ ਹੋ ਰਿਹੈ ਬੋਲ ਬਾਲਾ—ਆਗੂ



ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ) :— ਫ਼ਿਰੋਜ਼ਪੁਰ ਤੋਂ ਥੋੜ੍ਹੀ ਦੂਰ ਪੈਂਦੇ ਕਸਬਾ ਗੁਰੂਹਰਸਹਾਏ ਵਿਚਖੇ ਬਣੇ ਗੁਰਦੁਆਰਾ ਬੇਰ ਸਾਹਿਬ ਵਿਖੇ ਫ਼ਿਰੋਜ਼ਪੁਰ ਦੀਆਂ ਸਿੱਖ ਜਥੇਬੰਦੀਆਂ ਜਿਨ੍ਹਾਂ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਏਕਨੂਰ ਖਾਲਸਾ ਫੌਜ਼, ਕਲਗੀਧਰ ਅੰਮ੍ਰਿਤ ਸੰਚਾਰ ਜਥਾ, ਇੰਟਰਨੈਸ਼ਨਲ ਪੰਥਕ ਦਲ ਅਤੇ ਕਈ ਹੋਰ ਸਿੱਖ ਸਭਾਵਾਂ ਦੇ ਆਗੂ ਸ਼ਾਮਿਲ ਸਨ, ਨੇ ਸਾਂਝੇ ਤੌਰ ਤੇ ਐਕਸ਼ਨ ਲੈਂਦਿਆਂ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨਾਲ ਮੀਟਿੰਗ ਕਰਕੇ ਉਨ੍ਹਾਂ ਦੇ ਸਹਿਯੋਗ ਨਾਲ ਗੁ. ਸਾਹਿਬ ਵਿਖੇ ਹੋ ਰਹੀ ਮਨਮੱਤ ਨੂੰ ਹਟਾਉਣ ਅਤੇ ਗੁਰਮਰਿਆਦਾ ਬਹਾਲ ਕਰਾਉਣ ਲਈ ਆਪਣੀਆਂ ਕਾਰਵਾਈਆਂ ਆਰੰਭ ਕਰ ਦਿੱਤੀਆਂ ਹਨ। ਸਿੱਖ ਜਥੇਬੰਦੀਆਂ ਦੇ ਆਗੂਆਂ ਭਾਈ ਜ਼ਸਪਾਲ ਸਿੰਘ, ਲਖਵੀਰ ਸਿੰਘ ਮਹਾਲਮ, ਹਿੰਮਤ ਸਿੰਘ ਸ਼ਕੂਰ ਤੇ ਭਾਈ ਬਲਕਾਰ ਸਿੰਘ ਨੇ ਇਸ ਗੁਰਦੁਆਰਾ ਸਾਹਿਬ ਦੇ ਸੰਗਠਨ ਨੂੰ ਆਪਣੇ—ਆਪ ਨੂੰ ਮੋਢੀ ਵੰਸ਼ ਨਾਲ ਸਬੰਧਤ ਦਸਦੇ ਹਨ ਤੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਗੁਰਦੁਆਰਾ ਸਾਹਿਬ ਵਿਚ ਗੁਰਮੱਤ ਨਾਮ ਦੀ ਕੋਈ ਚੀਜ ਨਹੀਂ ਹੈ, ਸਗੋਂ ਮਨਮੱਤ ਦਾ ਹੀ ਬੋਲਬਾਲਾ ਹੈ ਅਤੇ ਇਥੇ ਗੁਰੂ ਦੀ ਹਜ਼ੂਰੀ ਵਿਚ ਚਿਰਾਗ ਜਗਾਏ ਜਾਂਦੇ ਹਨ, ਸ਼ੱਗੀ ਬੇਰੀ ਦੀ ਲਕੜ ਦੀ ਪੂਜਾ ਅਤੇ ਸੋਢੀ ਵੰਸ਼ ਦੇ ਵਡੇਰਿਆਂ ਦੀਆਂ ਫੋਟੋਆਂ ਲਗਵਾ ਕੇ ਇਨ੍ਹਾਂ ਸਾਰਿਆਂ ਅੱਗੇ ਗੋਲਕਾਂ ਰੱਖ ਕੇ ਇਨ੍ਹਾਂ ਦੀ ਪੂਜਾ ਹੋ ਰਹੀ ਹੈ। ਇਥੇ ਹੀ ਬੱਸ ਨਹੀਂ ਗੁਰੂ ਸਾਹਿਬ ਦੇ ਰੁਮਾਲੇ ਵੀ ਪੀਰਾਂ ਫਕੀਰਾਂ ਨਾਲ ਸਬੰਧਤ ਹਨ ਅਤੇ ਉਨ੍ਹਾਂ ਉੱਤੇ 786 ਅੰਕ ਲਿਖਿਆ ਹੋਇਆ ਹੈ, ਜ਼ੋ ਗੁਰੂ ਸਾਹਿਬ ਦੀ ਘੋਰ ਨਿਰਾਦਰੀ ਹੈ। ਇਸ ਦੇ ਨਾਲ ਹੀ ਇਸ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਇਕ ਪੈਲਸ ਰੂਪੀ ਹਾਲ ਬਣਾਇਆ ਗਿਆ ਹੈ, ਜਿਥੇ ਵਿਆਹ ਸ਼ਾਦੀ ਹੁੰਦੇ ਹਨ ਜ਼ੋ ਗੁਰਮਰਿਆਦਾ ਦੇ ਉਲਟ ਹੈ, ਸੋ ਇਨ੍ਹਾਂ ਗੱਲਾਂ ਨੂੰ ਲੈ ਕੇ ਸਿੱਖ ਜਥੇਬੰਦੀਆਂ ਨੇ ਦੱਸਿਆ ਕਿ ਪ੍ਰਬੰਧਕਾਂ ਨਾਲ ਮੀਟਿੰਗ ਕਰਨ ਉਪਰੰਤ ਉਨ੍ਹਾਂ ਨੇ ਪ੍ਰਬੰਧਕਾਂ ਨੂੰ ਕੁਝ ਦਿਨਾਂ ਦਾ ਸਮਾਂ ਦਿੱਤਾ ਹੈ ਤਾਂ ਜ਼ੋ ਉਹ ਮਨਮੱਤ ਚੀਜ਼ ਨੂੰ ਉਥੋਂ ਚੁੱਕ ਲੈਣ ਅਤੇ ਪੂਰਣ ਗੁਰ ਮਰਿਆਦਾ ਬਹਾਲ ਕਰਾਉਣ ਨਹੀਂ ਤਾਂ ਸਿੱਖ ਜਥੇਬੰਦੀਆਂ ਵੱਲੋਂ ਅਗਲੀ ਕਾਰਵਾਈ ਕੀਤੀ ਜਾਵੇਗੀ ਅਤੇ ਉਹ ਕਿਸੇ ਵੀ ਕੀਮਤ ਤੇ ਮਨਮੱਤ ਨਹੀਂ ਹੋਣ ਦੇਣਗੇ ਅਤੇ ਗੁਰੂ ਦੀ ਮਰਿਆਦਾ ਅਤੇ ਸਤਿਕਾਰ ਬਹਾਲ ਕਰਵਾ ਕੇ ਹੀ ਦਮ ਲੈਣਗੇ। ਇਸ ਸਮੇਂ ਭਾਈ ਜ਼ਸਪਾਲ ਸਿੰਘ, ਲਖਬੀਰ ਸਿੰਘ ਮਹਾਲਮ, ਹਿੰਮਤ ਸਿੰਘ ਸ਼ਕੂਰ, ਭਾਈ ਬਲਕਾਰ ਸਿੰਘ, ਬਾਬਾ ਸਤਨਾਮ ਸਿੰਘ ਵੱਲੀਆ ਅਤੇ ਕਈ ਹੋਰ ਆਗੂ ਹਾਜ਼ਰਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪਾਕਿ ਗੁਰਧਾਮਾਂ ਲਈ ਭੇਜਿਆ ਸਮਾਨ—ਭੁੱਲਰ

ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ) :— ਪਾਕਿਸਤਾਨ ਦੇ ਗੁਰਦੁਆਰਿਆਂ ਵਿਖੇ 3 ਹਜ਼ਾਰ ਤੋਂ ਵੱਧ ਥਾਲ—ਗਲਾਸ, 6 ਵੱਡੇ ਕੜਾਹੇ, 8 ਵੱਡੇ ਟੱਪ, 30 ਕਮਰਿਆਂ ਵਾਸਤੇ ਦਰੀਆਂ, 8 ਵੱਡੇ ਖੁਰਪੇ, 8 ਵੱਡੀਆਂ ਦੇਗਾਂ ਸਟੀਲ ਦੀਆਂ ਬਾਲਟੀਆਂ ਗੁਰੂ ਸਾਹਿਬ ਜੀ ਪੀੜਾ ਸਾਹਿਬ ਮਹਾਰਾਜ ਲਈ ਚਾਉਰ ਸਾਹਿਬ ਗੋਲਡਨ ਅਤੇ ਹੋਰ ਸਮਾਨ ਦੀ ਸੇਵਾ ਭਾਈ ਮਰਦਾਨਾ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ, ਸੋਹਨ ਸਿੰਘ, ਜਤਿੰਦਰ ਸਿੰਘ, ਸਵਰਨ ਸਿੰਘ, ਹਰਜੀਤ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਸੇਵਾ ਸੰਤ ਬਾਬਾ ਅਜੀਤ ਸਿੰਘ ਜੀ ਹੋਸਾਲੀ ਵਾਲੇ, ਸੰਤ ਬਾਬਾ ਨਾਹਰ ਸਿੰਘ ਜੀ ਸਨੇਰਾਂ ਵਾਲੇ, ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਵੱਲੋਂ ਇਹ ਸੇਵਾ ਸ: ਸ਼ਾਮ ਸਿੰਘ ਸਾਬਕਾ ਪ੍ਰਧਾਨ ਦੇ ਕਹਿਣ ਲਈ ਕੀਤੀ ਗਈ ਸੀ, ਹੁਣ ਫਿਰ ਤੋਂ ਸੇਵਾ ਲਈ ਵਡਮੁਲੀ ਸੇਵਾ ਵਿਚ ਯੋਗਦਾਨ ਪਾ ਰਹੇ ਹਨ, ਹੁਣ ਨਨਕਾਣਾ ਸਾਹਿਬ ਵਿਖੇ ਵੱਡੇ ਕੜਾਹੇ ਭੇਜਣ ਦੀ ਸੇਵਾ ਵਿਚ ਯੋਗਦਾਨ ਪਾ ਰਹੇ ਹਨ। ਸ੍ਰੀ ਗੁਰੂ ਨਨਕਾਣਾ ਸਾਹਿਬ ਵਿਖੇ ਬਾਬਾ (ਨਾਨਕ) ਗੁਰੂ ਨਾਨਕ ਜੀ ਦਾ ਜਨਮ ਹੋਇਆ ਹੈ, ਇਹ ਸਿੱਖਾਂ ਦਾ ਮੁਢਲਾ ਸਥਾਨ ਹੈ, ਪੰਜਾਬ ਯੂਲੀਵਰਸਿਟੀ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਉਪਰ ਸਾਈਆਂ ਪਰਿਵਾਰ ਵੱਲੋਂ ਚੱਲ ਰਹੇ ਗੁਰੂ ਨਾਨਕ ਕਾਲਜ ਦੇ ਨੱਕ ਵਿਚ ਦਮ ਕਰਨ ਲਈ ਸਕੂਲ ਦੀਆਂ ਕਲਾਸਾਂ ਵਿਚ ਕਮਰੇ ਕੈਮਰੇ ਲਗਾ ਦਿੱਤੇ ਗਏ, ਹਿੰਦੂ ਰਾਸ਼ਟਰ ਅਜੇ ਬਣਿਆ ਨਹੀਂ ਪਰ ਗੁਰੂ ਨਾਨਕ ਕਾਲਜ ਵਿਚ ਇਹ ਲਾਗੂ ਹੋ ਚੁੱਕਾ ਹੈ, ਪੰਜਾਬ ਅਤੇ ਸੈਂਟਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਾਲਜ ਨੂ ਮਾੜੀ ਲੋਬੀ ਤੋਂ ਬਚਾਇਆ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ ’ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

# ਸਾਬਕਾ ਸੈਨਿਕ ਸੰਘਰਸ਼ ਕਮੇਟੀ ਆਲ ਇੰਡੀਆ ਵੱਲੋਂ ਫੌਜੀ ਅੰਗਰੇਜ ਸਿੰਘ ਵੜਵਾਲ ਨੂੰ ਟਿਕਟ ਦੇਣ ਦੀ ਹਿਮਾਇਤ



ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ) :— ਲੋਕ ਸਭਾ ਚੋਣਾਂ ਦਾ ਬਿਗੁਲ ਵੱਜਦੇ ਹੀ ਪਾਰਟੀਆਂ ਵੱਲੋਂ ਆਪਣੇ ਉਮਦੀਵਾਰ ਚੁਣੇ ਜਾਣ ਦੀ ਪ੍ਰਕਿਰਿਆ ਜੋਰਾਂ ਸ਼ੋਰਾਂ ਤੇ ਸ਼ੁਰੂ ਕਰ ਦਿੱਤੀ ਗਈ ਹੈ, ਸੂਬੇ ਭਰ ਦੀ ਜੇਕਰ ਗੱਲ ਕਰੀਏ ਤਾਂ ਇਸ ਵਾਰ ਆਮ ਆਦਮੀ ਪਾਰਟੀ ਨੇ ਆਪਣੇ ਉਮਦੀਵਾਰ ਐਲਾਨਣ ਵਿੱਚ ਪਹਿਲ—ਕਦਮੀ ਦਿਖਾਈ ਹੈ ਅਤੇ ਹੁਣ ਤੱਕ ਵੱਖ—ਵੱਖ ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਵੀ ਕਰ ਚੁੱਕੀ ਹੈ, ਇਸੇ ਕੜੀ ਤਹਿਤ ਹੀ ਅਗਰ ਗੱਲ ਫਿਰੋਜ਼ਪੁਰ ਲੋਕ ਸਭਾ ਹਲਕੇ ਦੀ ਕੀਤੀ ਜਾਵੇ ਤਾਂ ਇੱਥੇ ਆਪ ਪਾਰਟੀ ਵੱਲੋਂ ਫੌਜੀ ਅੰਗਰੇਜ ਸਿੰਘ ਵੜਵਾਲ ਪਿਛਲੇ ਲੰਮੇ ਸਮੇਂ ਤੋਂ ਸਰਗਰਮ ਨਜ਼ਰ ਆ ਰਹੇ ਹਨ, ਉਨ੍ਹਾਂ ਦੇ ਹੱਕ ਵਿੱਚ ਵੀ ਵੱਖ—ਵੱਖ ਜਥੇਬੰਦੀਆਂ ਹੁਣ ਤੱਕ ਆਪਣਾ ਸਮੱਰਥਨ ਜ਼ਾਹਿਰ ਕਰ ਚੁੱਕੀਆਂ ਹਨ। ਇਸੇ ਤਰ੍ਹਾਂ ਹੀ ਅੱਜ ਸਾਬਕਾ ਸੈਨਿਕ ਸੰਘਰਸ਼ ਕਮੇਟੀ ਆਲ ਇੰਡੀਆ ਦੇ ਅਹੁਦੇਦਾਰਾਂ ਵੱਲੋਂ ਇੱਕ ਪ੍ਰੈਸ ਮਿਲਣੀ ਰਾਹੀਂ ਫੌਜੀ ਅੰਗਰੇਜ ਸਿੰਘ ਵੜਵਾਲ ਦੇ ਹੱਕ ਵਿੱਚ ਆਪ ਪਾਰਟੀ ਦੇ ਸੀਨੀਅਰ ਲੀਡਰਸ਼ਿਪ ਨੂੰ ਅਪੀਲ ਕੀਤੀ ਗਈ। ਇਸ ਮੌਕ ਸੂਬੇਦਾਰ ਚਰਨ ਸਿੰਘ ਕੀਰਤੀ ਚੱਕਰਾ, ਕੈਪਟਨ ਜਰਨੈਲ ਸਿੰਘ ਅਤੇ ਕੈਪਟਨ ਬਖਸ਼ੀਸ਼ ਸਿੰਘ ਸੌਰਿਆ ਚੱਕਰਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇਸ਼ ਅੰਦਰ ਇਕਲੌਤੀ ਪਾਰਟੀ ਹੈ ਜੋ ਸ਼ਹੀਦ ਹੋਏ ਜਵਾਨਾਂ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦੇ ਕੇ ਉਨ੍ਹਾਂ ਦਾ ਸਨਮਾਨ ਕਰਦੀ ਹੈ, ਇਸ ਲਈ ਅਸੀਂ ਆਪਣਾ ਪੂਰਨ ਸਮੱਰਥਨ ਆਮ ਆਦਮੀ ਪਾਰਟੀ ਨੂੰ ਦਿੰਦੇ ਹੋਏ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਫੌਜੀ ਅੰਗਰੇਜ ਵੜਵਾਲ ਨੂੰ ਟਿਕਟ ਦੇਣ ਦੀ ਮੰਗ ਕਰਦੇ ਹਾਂ। ਅਹੁਦੇਦਾਰਾਂ ਦਾ ਕਹਿਣਾ ਸੀ ਕਿ ਫੌਜੀ ਅੰਗਰੇਜ ਸਿੰਘ ਵੱਲੋਂ ਦੇਸ਼ ਸੇਵਾ ਲਈ ਪਾਇਆ ਯੋਗਦਾਨ ਕਾਬਿਲੇ ਤਾਰੀਫ ਤਾਂ ਹੈ ਹੀ, ਇਸਦੇ ਨਾਲ ਹੀ ਉਨ੍ਹਾਂ ਸਮਾਜ ਸੇਵਾ ਵਿੱਚ ਵੀ ਜਿਹੜੇ ਲੋਕ ਭਲਾਈ ਦੇ ਕਾਰਜ ਕੀਤੇ ਹਨ ਉਸ ਨਾਲ ਲੋਕਾਂ ਦੇ ਦਿਲਾਂ ਵਿੱਚ ਅੱਜ ਇੱਕ ਵੱਖਰੀ ਪਹਿਚਾਣ ਬਣਾ ਚੁੱਕੇ ਹਨ। ਸਾਬਕਾ ਸੈਨਿਕਾਂ ਨੇ ਕਿਹਾ ਕਿ ਜੇਕਰ ਫੌਜੀ ਅੰਗਰੇਜ ਸਿੰਘ ਵੜਵਾਲ ਨੂੰ ਪਾਰਟੀ ਟਿਕਟ ਦੇ ਕੇ ਮੈਦਾਨ ਵਿੱਚ ਉਤਾਰਦੀ ਹੈ ਤਾਂ ਫਿਰੋਜ਼ਪੁਰ ਦੇ ਲੋਕ ਯਕੀਨਨ ਹੀ ਵੱਡੀ ਜਿੱਤ ਉਨ੍ਹਾਂ ਦੀ ਝੋਲੀ ਪਾਉਣਗੇ, ਕਿਉਂਕਿ ਫਿਰੋਜ਼ਪੁਰ ਦੇ ਲੋਕਾਂ ਨੂੰ ਵਿਸ਼ਵਾਸ਼ ਹੈ ਕਿ ਗਰੀਬ ਪਰਿਵਾਰ ਵਿੱਚ ਜੰਮਿਆ ਇਹ ਸੰਘਰਸ਼ੀ ਨੌਜਵਾਨ ਇਲਾਕੇ ਭਰ ਦੀ ਆਵਾਜ਼ ਨੂੰ ਸੰਸਦ ਵਿੱਚ ਜ਼ਰੂਰ ਚੁੱਕੇਗਾ, ਸਾਬਕਾ ਫੌਜੀ ਹੋਣ ਦੇ ਨਾਤੇ ਵੀ ਫੌਜੀ ਅੰਗਰੇਜ ਸਿੰਘ ਸਾਬਕਾ ਫੌਜੀਆਂ ਦੇ ਮਸਲਿਆਂ ਨੂੰ ਵੀ ਭਲੀ—ਭਾਂਤੀ ਸਮਝਦੇ ਹਨ ਅਤੇ ਇਸ ਲਈ ਵੀ ਉਹ ਸਾਡੀ ਆਵਾਜ਼ ਨੂੰ ਵੀ ਸੰਸਦ ਤੱਕ ਜ਼ਰੂਰ ਪਹੁੰਚਾਉਣਗੇ। ਇਸ ਮੌਕੇ ਅਹੁਦੇਦਾਰਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਹੁਣ ਤੱਕ ਰਹੇ ਲੀਡਰਾਂ ਨੇ ਫਿਰੋਜ਼ਪੁਰ ਤੋਂ ਚੋਣ ਜਿੱਤਣ ਤੋਂ ਬਾਅਦ ਇਸ ਨੂੰ ਲਵਾਰਿਸ ਛੱਡਣ ਤੋਂ ਇਲਾਵਾ ਕੁਝ ਨਹੀਂ ਕੀਤਾ, ਇਸ ਲਈ ਇਸ ਵਾਰ ਫੌਜੀ ਅੰਗਰੇਜ ਸਿੰਘ ਵੜਵਾਲ ਵਰਗੇ ਮਿਹਨਤਕਸ਼ ਨੌਜਵਾਨ ਦਾ ਸਾਥ ਦਿੱਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਪਟਨ ਲਖਵਿੰਦਰ ਸਿੰਘ, ਮੇਜਰ ਅਮਰਜੀਤ ਸਿੰਘ, ਸੂਬੇਦਾਰ ਗੁਲਾਬ ਸਿੰਘ, ਵਰੰਟ ਅਫ਼ਸਰ ਜੋਗਿੰਦਰ ਸਿੰਘ, ਸੂਬੇਦਾਰ ਜਗਦੇਵ ਸਿੰਘ, ਕੈਪਟਨ ਸੁਰਜੀਤ ਸਿੰਘ, ਸੂਬੇਦਾਰ ਸਰਵਨ ਸਿੰਘ, ਹਵਲਦਾਰ ਜਗਜੀਤ ਸਿੰਘ, ਸੂਬੇਦਾਰ ਚੰਨਣ ਸਿੰਘ, ਸੂਬੇਦਾਰ ਸੂਰਤ ਸਿੰਘ, ਹਵਲਦਾਰ ਲਖਵਿੰਦਰ ਸਿੰਘ, ਹਵਲਦਾਰ ਮਨਜੀਤ ਸਿੰਘ ਅਤੇ ਸੂਬੇਦਾਰ ਗੁਰਮੇਲ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ 325ਵੇਂ ਖ਼ਾਲਸਾ ਸਾਜਨਾ ਦਿਵਸ ਮੌਕੇ 13.04.2024 (1 ਵੈਸਾਖ ਸੰ: 556 ਨਾਨਕਸ਼ਾਹੀ) ਨੂੰ ਹਰੇਕ ਸਿੱਖ ਨੂੰ ਆਪਣੇ ਘਰ ਉੱਤੇ ਖ਼ਾਲਸਾਈ ਨਿਸ਼ਾਨ ਸਾਹਿਬ ਝੁਲਾਉਣ ਦਾ ਆਦੇਸ਼ ਹੈ।

## ਇਸ ਲਈ ਸਿੱਖ ਸੰਗਤ ਖ਼ਾਲਸਾਈ ਨਿਸ਼ਾਨ ਸਾਹਿਬ ਹੇਠ ਲਿਖੇ ਗੁਰਦੁਆਰਾ ਸਾਹਿਬਾਨ ਤੋਂ ਪ੍ਰਾਪਤ ਕਰ ਸਕਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

| ਗੁਰਦੁਆਰਾ ਸਾਹਿਬ ਦਾ ਨਾਮ | ਸੰਪਰਕ |
|---|---|
| ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ (ਰੋਪੜ) | +91 84370 08002 |
| ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ | +91 84370 08003 |
| ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨ ਤਾਰਨ | +91 84370 08004 |
| ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ। | +91 84370 08006 |
| ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ | +91 84370 08007 |
| ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ (ਫਤਹਿਗੜ੍ਹ ਸਾਹਿਬ) | +91 87250 08008 |
| ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ (ਕਪੂਰਥਲਾ) | +91 84370 08011 |
| ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) | +91 84370 08012 |
| ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ (ਸੰਗਰੂਰ)। | +91 84370 08013 |
| ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ। | +91 87250 08014 |
| ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਠੱਠਾ (ਤਰਨ ਤਾਰਨ) | +91 84370 08015 |
| ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ(ਅੰਮ੍ਰਿ: | +91 84370 08016 |
| ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ | +91 84370 08017 |
| ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾ:ਦਸਵੀਂ, ਆਲਮਗੀਰ (ਲੁਧਿਆਣਾ) | +91 84370 08019 |
| ਗੁਰਦੁਆਰਾ ਸ੍ਰੀ ਦੇਗਸਰ ਸਾਹਿਬ ਕਟਾਣਾ (ਲੁਧਿਆਣਾ) | +91 84370 08020 |
| ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾ:ਛੇਵੀਂ ਕੋਟਾਂ (ਲੁਧਿਆਣਾ) | +91 84370 08021 |
| ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਪਾ:ਛੇਵੀਂ, (ਅੰਮ੍ਰਿਤਸਰ) | +91 84370 08022 |
| ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਾਮਦਾਸ (ਅੰਮ੍ਰਿਤਸਰ) | +91 87250 08023 |
| ਗੁਰਦੁਆਰਾ ਸ੍ਰੀ ਭੱਠਾ ਸਾਹਿਬ, ਰੂਪਨਗਰ। | +91 84370 08024 |
| ਗੁਰਦੁਆਰਾ ਸ੍ਰੀ ਚਮਕੌਰ ਸਾਹਿਬ, ਰੂਪਨਗਰ। | +91 84370 08025 |
| ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ ਮਾਛੀਵਾਲਾ (ਲੁਧਿਆਣਾ) | +91 84370 08026 |
| ਗੁਰਦੁਆਰਾ ਸ੍ਰੀ ਟਾਹਲੀਆਣਾ ਸਾਹਿਬ ਰਾਏਕੋਟ(ਲੁਧਿਆਣਾ) | +91 84370 08027 |
| ਗੁਰਦੁਆਰਾ ਸ੍ਰੀ ਬਾਰਠ ਸਾਹਿਬ ਜ਼ਿਲਾ ਪਠਾਨਕੋਟ | +91 84370 08028 |
| ਗੁਰਦੁਆਰਾ ਬਾਬਾ ਸੰਗ ਜੀ ਢੇਸੀਆਂ, ਜਲੰਧਰ। | +91 84370 08029 |
| ਗੁਰਦੁਆਰਾ ਸ੍ਰੀ  ਮੌਂ ਸਾਹਿਬ ਪਾ:ਪੰਜਵੀਂ ਜਲੰਧਰ | +91 84370 08030 |
| ਗੁਰਦੁਆਰਾ ਸ੍ਰੀ ਥੰਮ੍ਹ ਜੀ ਸਾਹਿਬ ਕਰਤਾਰਪੁਰ (ਜਲੰਧਰ) | +91 84370 08031 |
| ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਫਗਵਾੜਾ (ਕਪੂਰਥਲਾ) | +91 84370 08032 |
| ਗੁਰਦੁਆਰਾ ਸ੍ਰੀ ਮਾਹਿਲਪੁਰ ਸ਼ਹੀਦਾਂ ਲੱਧੇਵਾਲ (ਹੁਸ਼ਿਆਰਪੁਰ) | +91 87250 08033 |
| ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ (ਹੁਸ਼ਿਆਰਪੁਰ) | +91 84370 08034 |
| ਗੁਰਦੁਆਰਾ ਸ੍ਰੀ ਹਾਜੀਰਤਨ ਬਠਿੰਡਾ। | +91 84370 08035 |
| ਗੁਰਦੁਆਰਾ ਸਾਹਿਬ ਪਾ:ਨੌਵੀਂ ਬਹਾਦਰਗੜ੍ਹ, ਪਟਿਆਲਾ | +91 84370 08036 |
| ਗੁਰਦੁਆਰਾ ਸ੍ਰੀ ਬਾਬਾ ਅਜਾਪਾਲ ਸਿੰਘ ਜੀ ਨਾਭਾ (ਪਟਿਆਲਾ) | +91 84370 08037 |
| ਗੁਰਦੁਆਰਾ ਸ੍ਰੀ ਜਾਮਨੀ ਸਾਹਿਬ ਬਜ਼ੀਦਪੁਰ (ਫਿਰੋਜ਼ਪੁਰ) | +91 84370 08038 |
| ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ (ਗੁਰਦਾਸਪੁਰ) | +91 84370 08042 |
| ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਜੀ ਕੱਥੂਨੰਗਲ | +91 87250 08043 |
| ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾ:ਸੱਤਵੀਂ, ਮੋਹਾਲੀ | +91 87250 08044 |

1

sgpc_amritsar | sgpcamritsar.org | SGPCAmritsar | @SGPCAmritsar | SGPC.net

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਪੋਰਟਸ ਕਲੱਬ ਅਤੇ ਸਮੂਹ ਗ੍ਰਾਮ ਪੰਚਾਇਤ ਢੰਡ ਵੱਲੋਂ

# ਦੀਪ ਸਿੱਧੂ ਦੀ ਯਾਦ 'ਚ ਕਰਵਾਇਆ ਤੀਸਰਾ ਫੁੱਟਬਾਲ ਟੂਰਨਾਮੈਂਟ ਸਮਾਪਤ

**ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ ਤੇ ਪਰਿਵਾਰ ਨੇ ਜੇਤੂ ਟੀਮ ਨੂੰ ਦਿੱਤੇ 31 ਹਜਾਰ ਰੁਪਏ ਨਗਦ ਤੇ ਟਰਾਫੀ ਦਿੱਤੀ • ਇਸ ਤੋਂ ਇਲਾਵਾ ਪ੍ਰਬੰਧਕ ਕਮੇਟੀ ਵੱਲੋਂ ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ ਨੂੰ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ**





**ਸਰਾਏ ਅਮਾਨਤ ਖਾਂ, 11 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਪੋਰਟਸ ਕਲੱਬ ਤੇ ਸਮੂਹ ਗ੍ਰਾਮ ਪੰਚਾਇਤ ਢੰਡ ਵਲੋ ਦੀਪ ਸਿੱਧੂ ਦੀ ਯਾਦ ਵਿੱਚ ਚਾਰ ਰੋਜਾ ਫੁਟਬਾਲ ਟੂਰਨਾਮੈਂਟ ਤੇ ਹੋਰ ਵੱਖ ਵੱਖ ਪੇਂਡੂ ਖੇਡਾਂ ਕਰਵਾਈਆਂ ਗਈਆਂ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ ਨੇ ਦਸਿਆ ਕਿ ਵੀਰ ਦੀਪ ਸਿੱਧੂ ਦੀ ਯਾਦ ਵਿੱਚ ਤੀਸਰਾ ਸਾਲਾਨਾ ਫੁਟਬਾਲ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਇਲਾਕੇ ਦੀਆਂ 32 ਫੁਟਬਾਲ ਟੀਮਾਂ ਨੇ ਹਿੱਸਾ ਲਿਆ ਪਿੰਡ ਢੰਡ ਦੇ ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਫਾਈਨਲ ਮੈਚ ਜੇਤੂ ਰਹੀ ਪਿੰਡ ਨੂਰਦੀ ਦੀ ਫੁਟਬਾਲ ਟੀਮ ਨੂੰ 31 ਹਜਾਰ ਰੁਪਏ ਦਿੱਤੇ। ਟੂਰਨਾਮੈਂਟ ਵਿੱਚ ਦੂਸਰੇ ਨੰਬਰ ਤੇ ਰਹੀ ਪਿੰਡ ਕਸੇਲ ਦੀ ਟੀਮ ਨੂੰ 25 ਹਜ਼ਾਰ ਰੁਪਏ ਤੇ ਤੀਸਰੇ ਨੰਬਰ ਤੇ ਰਹੀ ਫੁਟਬਾਲ ਟੀਮ ਨੂੰ 71 00 ਸੋ ਰੁਪਏ ਰੁਪਏ ਦਿੱਤੇ ਗਏ। ਇਸ ਮੌਕੇ ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ ਨੇ ਕਿਹਾ ਕਿ ਪਿੰਡਾਂ ਵਿੱਚ ਖੇਡਾਂ ਕਰਵਾਉਣ ਦਾ ਮਕਸਦ ਨੌਜਵਾਨਾਂ ਨੂੰ ਖੇਡਾ ਵੱਲ ਪ੍ਰੇਰਿਤ ਕਰਨਾ ਹੈ ਤੇ ਨੌਜਵਾਨਾਂ ਲਈ ਖੇਡਾ ਪ੍ਰਤੀ ਰੁਚੀ ਨੂੰ ਵਧਾਉਣ ਦਾ ਉਪਰਾਲਾ ਹੈ ਇਸ ਤੋਂ ਇਲਾਵਾ ਪ੍ਰਬੰਧਕ ਕਮੇਟੀ ਵੱਲੋਂ ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ ਨੂੰ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ, ਗੁਰਪ੍ਰਤਾਪ ਸਿੰਘ ਢੰਡ ਛੋਟਾ ਸਰਪੰਚ, ਗੁਰਪ੍ਰੀਤ ਸਿੰਘ ਢੰਡ ਛੋਟਾ ਸਰਪੰਚ, ਕਪਤਾਨ ਸਿੰਘ ਧੁੰਨਾ ਸਿਮਰਨ ਜਿਉਲਰ ਢੰਡ, ਹਰਦੀਪ ਸਿੰਘ, ਜੈਦੀਪ ਸਿੰਘ, ਰਾਜਨ ਸਿੰਘ, ਮੋਹਨ ਸਿੰਘ, ਗੁਰਸ਼ਰਨ ਸਿੰਘ ਜੱਜ, ਸੋਨਾ ਲੰਬੜ, ਮੇਜਰ ਸਿੰਘ ਟੋਨੀ, ਸੁੱਖ ਲੰਬੜ, ਪਰਮਜੀਤ ਸਿੰਘ ਅਕਾਲੀ, ਮਲਕੀਤ ਸਿੰਘ ਫੌਜੀ, ਕਸ਼ਮੀਰ ਸਿੰਘ ਸੰਧੂ, ਹਰਦੇਵ ਸਿੰਘ ਬੱਗਾ, ਕੁਲਵੰਤ ਸਿੰਘ, ਜਗਦੀਪ ਸਿੰਘ, ਰਵੀਸ਼ੇਰ ਸਿੰਘ, ਹੈਰੀ, ਹਰਜੀਤ ਸਿੰਘ, ਕੰਵਲ, ਮਨਦੀਪ ਸਿੰਘ, ਸਨਦੀਪ ਸਿੰਘ, ਡਾ ਬਿੱਲਾ, ਡਾ ਸੁਰਜੀਤ ਸਿੰਘ, ਲਾਡੀ ਜੱਟ, ਬਲਵਿੰਦਰ ਸਿੰਘ, ਗੁਰਜਿੰਦਰ ਸਿੰਘ, ਗੁਰਲਾਲ ਸਿੰਘ, ਸੋਨੂੰ, ਨਿਰਮਾਣ ਸਿੰਘ, ਸਰਪੰਚ ਜਸਪਾਲ ਸਿੰਘ, ਰਣਜੀਤ ਸਿੰਘ, ਗੁਰਪ੍ਰਤਾਪ ਸਿੰਘ ਸ਼ਾਹ, ਆਦਿ ਹਾਜ਼ਰ ਸਨ।

### ਜ਼ਿਲ੍ਹਾ ਪ੍ਰਸ਼ਾਸਨ ਨੇ 'ਲੋਕਤੰਤਰ ਦੀ ਜਾਗੋ' ਕੱਢ ਕੇ ਵੋਟਰਾਂ ਨੂੰ ਵੋਟ ਪਾਉਣ ਦਾ ਦਿੱਤਾ ਸੱਦਾ

# ਜ਼ਿਲ੍ਹਾ ਵਾਸੀ ਆਪਣੇ ਵੋਟ ਦੇ ਅਧਿਕਾਰ ਦਾ ਜ਼ਰੂਰ ਕਰਨ ਇਸਤੇਮਾਲ: ਕੋਮਲ ਮਿੱਤਲ

**ਜ਼ਿਲ੍ਹਾ ਚੋਣ ਅਫ਼ਸਰ ਦੀ ਮੌਜੂਦਗੀ ਵਿੱਚ ਹਲਕਾ ਉੜਮੁੜ ਦੇ ਪਿੰਡ ਰੂਪੋਵਾਲ ਵਿਖੇ ਪਿੰਡ ਵਾਸੀਆਂ ਨਾਲ ਮਿਲਕੇ ਕੱਢੀ ਗਈ ਲੋਕਤੰਤਰ ਦੀ ਜਾਗੋ • ਸਵੀਪ ਗਤੀਵਿਧੀ ਤਹਿਤ ਕਰਵਾਇਆ ਗਏ ਸਮਾਗਮ ਵਿੱਚ ਪਿੰਡ ਵਾਸੀਆਂ ਨੇ....**



**ਗੜ੍ਹਦੀਵਾਲਾ, ਹੁਸ਼ਿਆਰਪੁਰ, 11 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ -ਕਮ-ਜਿਲਾ ਚੋਣ ਅਫ਼ਸਰ ਹੁਸਿਆਰਪੁਰ ਕੋਮਲ ਮਿੱਤਲ ਦੀ ਯੋਗ ਅਗਵਾਈ ਹੇਠ ਲੋਕਾਂ ਨੂੰ ਵੋਟ ਪਾਉਣ ਅਤੇ ਵੋਟ ਬਣਾਉਣ ਸਬੰਧੀ ਜਾਗਰੂਕ ਕਰਨ ਦੇ ਲਈ ਜ਼ਿਲ੍ਹੇ ਵਿੱਚ ਅਲੱਗ ਅਲੱਗ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਸੇ ਲੜੀ ਤਹਿਤ ਪਿੰਡ ਰੂਪੋਵਾਲ ਹਲਕਾ ਉੜਮੁੜ ਵਿੱਚ ਇੱਕ ਨਿਵੇਕਲੀ ਪਹਿਲ ਕੀਤੀ ਗਈ, ਜਿਸ ਅਧੀਨ ਪਿੰਡ ਵਿੱਚ 'ਲੋਕਤੰਤਰ ਦੀ ਜਾਗੋ' ਕੱਢੀ ਗਈ। ਪਿੰਡ ਦੀ ਸੱਥ ਵਿੱਚ ਬਹੁਤ ਵੱਡਾ ਤੇ ਪੁਰਾਣਾ ਬੋਹੜ ਦਾ ਦਰਖ਼ਤ ਹੈ ਅਤੇ ਉਸ ਦੇ ਆਲੇ ਬਣੇ ਵੱਡੇ ਥੜ੍ਹੇ ਦੇ ਆਸ ਪਾਸ ਪਿੰਡ ਦੇ ਲੋਕਾਂ ਦਾ ਇਕੱਠ ਕੀਤਾ ਗਿਆ। ਇਸ ਦੌਰਾਨ ਪਿੰਡ ਦੇ ਤਕਰੀਬਨ 500 ਲੋਕ ਇਕੱਤਰ ਹੋਏ। ਇਸ ਜਾਗੋ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਐਸ.ਡੀ.ਐਮ ਟਾਂਡਾ ਵਿਓਮ ਭਾਰਦਵਾਜ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਦੀ ਰੂਪ-ਰੇਖਾ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਵਲੋਂ ਉਲੀਕੀ ਗਈ, ਉਹਨਾਂ ਦਾ ਸਾਥ ਉਹਨਾਂ ਦੇ ਸਹਾਇਕ ਨੋਡਲ ਅਫ਼ਸਰ ਅੰਕੁਰ ਸ਼ਰਮਾ ਵਲੋਂ ਦਿੱਤਾ ਗਿਆ। ਇਸ ਦੌਰਾਨ ਸਰਕਾਰੀ ਸੀਨੀਅਰ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਅੰਬਾਲਾ ਜੱਟਾਂ ਦੀ ਵਿਦਿਆਰਥਣਾਂ ਵਲੋਂ ਸਹਾਇਕ ਨੋਡਲ ਅਫ਼ਸਰ ਉੜਮੁੜ ਡਾ.ਕੁਲਦੀਪ ਸਿੰਘ ਮਿਨਹਾਸ ਜੀ ਅਗਵਾਈ ਵਿੱਚ ਇਕ ਨਿਵੇਕਲੇ ਢੰਗ ਨਾਲ ਵੋਟਰਾਂ ਨੂੰ ਵੋਟਾਂ ਲਈ ਜਾਗਰੂਕ ਕਰਨ ਲਈ ਪਹਿਲਾ ਸਵੀਪ ਗਿੱਧਾ ਪੇਸ਼ ਕੀਤਾ ਗਿਆ, ਜਿਸ ਦੀਆਂ ਸਾਰੀਆਂ ਬੋਲੀਆਂ ਵੋਟਰ ਜਾਗਰੁਕਤਾ ਨਾਲ ਸੰਬਧਤ ਸਨ। ਇਸ ਤੋਂ ਬਾਅਦ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਢੋਲ ਦੀ ਥਾਪ ਤੇ ਜਾਗੋ ਕੱਢੀ ਗਈ, ਜਿਸ ਦੀ ਅਗਵਾਈ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਗਈ। ਡਿਪਟੀ ਕਮਿਸ਼ਨਰ-ਕਮ- ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਇਸ ਨਿਵੇਕਲੀ ਪਹਿਲ ਕਦਮੀ ਲਈ ਸਕੂਲ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਜਿਵੇਂ ਇੱਕ ਵਿਆਹ ਵਿੱਚ ਸਾਰੇ ਪਿੰਡ ਵਾਸੀਆਂ ਨੂੰ ਸੱਦਾ ਦੇ ਕੇ ਬੁਲਾਇਆ ਜਾਂਦਾ ਹੈ ਅਤੇ ਫਿਰ ਸਾਰੀਆਂ ਦੇ ਨਾਲ ਮਿਲਕੇ ਪਿੰਡ ਵਿੱਚ ਖੁਸ਼ੀ ਮਨਾਈ ਜਾਂਦੀ ਹੈ। ਉਸੇ ਤਰਾਂ ਵੋਟਾਂ ਵੀ ਇੱਕ ਮਹਾ ਉਤਸਵ ਹੈ, ਜਿਸ ਵਿੱਚ ਅਸੀਂ ਸਾਰੇ ਇੱਕਠੇ ਹੋਕੇ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਦੇ ਹਾਂ। ਉਨ੍ਹਾਂ ਲੋਕਤੰਤਰ ਦੇ ਸਭ ਤੋਂ ਵੱਡੇ ਤਿਓਹਾਰ 'ਤੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਤੇ ਜਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਅਤੇ ਸਹਾਇਕ ਨੋਡਲ ਅਫ਼ਸਰ ਅੰਕੁਰ ਸ਼ਰਮਾ ਨੇ ਵੀ ਆਪਣੀਆਂ ਜੁਗਤਾ ਰਾਹੀਂ ਵਿਦਿਆਰਥੀਆਂ ਨਾਲ ਰੰਗ ਬੰਨਿਆ ਪਿੰਡ ਵਾਸੀਆਂ ਨੂੰ ਵੋਟ ਪਾਉਣ ਲਈ ਜਾਗਰੂਕ ਕੀਤਾ। ਇਸ ਮੌਕੇ ਸਵੀਪ ਆਈਕੋਨ ਡਾ. ਕੇਵਲ, ਦਕਸ਼ ਸੋਹਲ ਸਵੀਪ ਨੋਡਲ ਅਫ਼ਸਰ ਉੜਮੁੜ , ਡਾ ਹਰਦੀਪ ਸਿੰਘ ਮਿਨਹਾਸ ਸੁਪਰਵਾਈਜਰ, ਬੀ.ਐਲ.ਓ ਜਸਵੀਰ ਸਿੰਘ ਬੋਦਲ, ਜਗਦੀਪ ਸਿੰਘ, ਰਾਜਿੰਦਰ ਸਿੰਘ, ਹਰਤੇਜ ਕੌਰ, ਰਜਨੀ ਬਾਲਾ, ਰਣਜੀਤ ਕੌਰ, ਇੰਦਰਜੀਤ ਸਿੰਘ ਅਤੇ ਪਿੰਡ ਵਾਸੀ ਹਾਜ਼ਿਰ ਸਨ।

# ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੀ ਹੋਈ ਮੀਟਿੰਗ



ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ) :— ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਯੂਨਿਟ ਫਿਰੋਜ਼ਪੁਰ ਦੀ ਮੀਟਿੰਗ ਬਲਕਾਰ ਸਿੰਘ ਮਾੜੀ ਮੇਘਾ ਦੀ ਪ੍ਰਧਾਨਗੀ ਹੇਠ ਜਿਲਾ ਪ੍ਰਬੰਧਕੀ ਕੰਪਲੈਕਸ ਫਿਰੋਜ਼ਪੁਰ ਵਿਖੇ ਹੋਈ। ਅੱਜ ਦੀ ਮੀਟਿੰਗ ਵਿੱਚ ਜਲ ਸਰੋਤ, ਸਿਹਤ ਵਿਭਾਗ, ਭਵਨ ਤੇ ਮਾਰਗ, ਜ਼ਿਲ੍ਹਾ ਪ੍ਰੀਸ਼ਦ, ਪੰਚਾਇਤੀ ਰਾਜ, ਨਗਰ ਕੌਂਸਲ, ਪੰਜਾਬ ਰੋਡਵੇਜ਼ ਆਦਿ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋਏ ਪੈਨਸ਼ਨਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਬਲਕਾਰ ਸਿੰਘ ਮਾੜੀ, ਕਿਸ਼ਨ ਚੰਦ ਜਾਗੋਵਾਲੀਆ, ਬਲਵੀਰ ਸਿੰਘ ਕੰਬੋਜ, ਪ੍ਰਤਾਪ ਸਿੰਘ ਢਿਲੋ, ਤਰਸੇਮ ਲਾਲ ਬੇਦੀ, ਡਾਕਟਰ ਪ੍ਰਦੀਪ ਰਾਣਾ, ਗੁਰਜਿੰਦਰ ਸਿੰਘ, ਸਵਿੰਦਰਪਾਲ ਕੌਰ, ਗੁਰਨਾਮ ਸਿੰਘ, ਨੰਦ ਲਾਲ, ਰਮੇਸ਼ ਭੱਟੀ, ਕਰਮ ਸਿੰਘ ਨੇ ਦੱਸਿਆ ਕਿ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੈਨਸ਼ਨਰਾਂ ਨੂੰ ਮਿਲਦੀਆਂ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਕਾਰਨ ਪੈਨਸ਼ਨਰਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਹੈ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਛੇਵੇਂ ਪੇ—ਕਮਿਸ਼ਨ ਦਾ ਬਕਾਇਆ ਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਰਲੀਜ ਕੀਤੀਆਂ ਜਾਣ। ਉਨ੍ਹਾਂ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਜ਼ਿਲ੍ਹਾ ਪ੍ਰੀਸ਼ਦ ਪੰਚਾਇਤੀ ਰਾਜ ਦੇ ਪੈਨਸ਼ਨਰਾਂ ਤੇ ਛੇਵੇਂ ਪੇ—ਕਮਿਸ਼ਨ ਦੀ ਰਿਪੋਰਟ ਅਨੁਸਾਰ ਪੈਨਸ਼ਨ ਰਿਵਾਈਜ ਕੀਤੀ ਜਾਵੇ। ਮੀਟਿੰਗ ਵਿੱਚ ਜੋਗਿੰਦਰ ਸਿੰਘ, ਦੀਵਾਨ ਚੰਦ ਸਖੀਜਾ, ਜੀਤ ਸਿੰਘ, ਪਰਮਜੀਤ ਸਿੰਘ, ਸਤਨਾਮ ਸਿੰਘ, ਰਮੇਸ਼ ਕੁਮਾਰ, ਕਸ਼ਮੀਰ ਸਿੰਘ, ਮਹਿੰਦਰ ਸਿੰਘ, ਸੂਜਾ ਰਾਮ, ਅਜੀਤ ਸਿੰਘ, ਬੂਟਾ ਸਿੰਘ, ਹੇਮੰਤ ਸਿੰਘ ਆਦ ਪੈਨਸ਼ਨਰ ਹਾਜ਼ਰ ਹੋਏ।

# ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਲਾਇਆ ਸ਼ੂਗਰ ਜਾਂਚ ਕੈਂਪ



ਫ਼ਿਰੋਜ਼ਪੁਰ, 11 ਅਪ੍ਰੈਲ (ਮਨੋਹਰ ਲਾਲ) :— ਸਮਾਜ ਸੇਵੀ ਕਾਰਜ ਕਰਦੀ ਆ ਰਹੀ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਵੱਲੋਂ ਅੱਜ ਸਟੇਟ ਕਰਮਚਾਰੀ ਦਲ ਦਫਤਰ ਫ਼ਿਰੋਜ਼ਪੁਰ ਵਿਖੇ ਇਕ ਮੈਡੀਕਲ ਚੈਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਅਗਵਾਈ ਚੇਅਰਮੈਨ ਦੀਵਾਨ ਚੰਦ ਸੁਖੀਜਾ ਵੱਲੋਂ ਕੀਤੀ ਗਈ, ਜਦੋਂ ਕਿ ਵੱਡੀ ਗਿਣਤੀ ਵਿਚ ਸੁਸਾਇਟੀ ਮੈਂਬਰਾਂ ਨੇ ਸ਼ਮੂਲੀਅਤ ਕਰਕੇ ਹਾਜ਼ਰੀਨ ਨੂੰ ਹੋਣ ਵਾਲੀਆਂ ਬਿਮਾਰੀਆਂ ਦੇ ਲੱਛਣਾਂ ਤੋਂ ਜਾਣੂ ਕਰਵਾ ਕੇ ਸਮੇਂ—ਸਮੇਂ ਤੇ ਆਪਣਾ ਚੈਕਅਪ ਕਰਵਾਉਣ ਦੀ ਅਪੀਲ ਕੀਤੀ ਤਾਂ ਜ਼ੋ ਬਿਮਾਰੀਆਂ ਤੋਂ ਮੁਕਤ ਰਹਿ ਸਕਣ। ਇਸ ਮੌਕੇ ਸੁਸਾਇਟੀ ਵੱਲੋਂ ਮੁਫਤ ਸ਼ੂਗਰ ਟੈਸਟ ਕੈਂਪ ਲਾਇਆ ਗਿਆ, ਜਿਸ ਵਿਚ ਅਨੇਕਾਂ ਲੋਕਾਂ ਦਾ ਚੈਕਅਪ ਕਰਕੇ ਸ਼ੂਗਰ ਦੇ ਕਾਰਣ ਅਤੇ ਬਚਾਓ ਬਾਰੇ ਵਿਚਾਰਾਂ ਕੀਤੀਆਂ ਗਈਆਂ।

# ਬਰਨਾਲਾ ਪੁਲਿਸ ਵੱਲੋਂ ਨਸ਼ੀਲੀ ਦਵਾਈ ਸਮੇਤ 2 ਮੁਲਜਮ ਗ੍ਰਿ.ਫਤਾਰ

ਬਰਨਾਲਾ 11 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)- ਬਰਨਾਲਾ ਪੁਲਿਸ ਵਲੋਂ ਮਾਨਯੋਗ ਐਸ.ਐਸ.ਪੀ.ਸੰਦੀਪ ਮਲਿਕ ਦੀ ਅਗਵਾਈ ਹੇਠਾਂ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਸਫਲਤਾ ਹਾਸਿਲ ਕੀਤੀ ਹੈ। ਇਸ ਮੁਹਿੰਮ ਅਧੀਨ 3 ਸ਼ੀਸੀਆਂ ਨਸ਼ੀਲੀ ਦਵਾਈ ਸਮੇਤ ਦੋ ਮੁਲਜਮਾਂ ਨੂੰ ਕਾਬੂ ਕੀਤਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਐਸ ਆਈ ਮੱਘਰ ਸਿੰਘ ਨੇ ਦੱਸਿਆ ਕਿ ਕੱਲ ਮਿਤੀ 10-3-2024 ਨੂੰ ਸਤਿਗੁਰੂ ਸਿੰਘ ਏ.ਐਸ.ਆਈ. ਸਮੇਤ ਪੁਲਿਸ ਪਾਰਟੀ ਜਿਸ ਵਿੱਚ ਅਜੈ ਸਿੰਘ ਹੌਲਦਾਰ ਅਤੇ ਕਾਂਸਟੇਬਲ ਵੀਰਪਾਲ ਕੋਰ ਸਾਮਿਲ ਸਨ ਸਰਕਾਰੀ ਗੱਡੀ ਤੇ ਸਾਮ ਨੂੰ ਗਸਤ ਤੇ ਨਿਕਲੇ ਹੋਏ ਸਨ ,ਗਸਤ ਕਰਦੇ ਹੋਏ ਜਦ ਉਹ ਗੱਡਾ ਖਾਨਾ ਚੌਕ ਵਿੱਚ ਪੁੱਜੇ ਤਾਂ ਮੁਖਬਰ ਨੇ ਓਹਨਾਂ ਨੂੰ ਰੋਕਕੇ ਦੱਸਿਆ ਕਿ ਬਰਨਾਲਾ ਦੀ ਦਾਣਾ ਮੰਡੀ ਵਿੱਚ ਦੋ ਵਿਅਕਤੀ ਤੁਰ ਫਿਰ ਕੇ ਨਸ਼ਾ ਵੇਚ ਰਹੇ ਨੇ ,ਮਿਲੀ ਇਤਲਾਹ ਅਨੁਸਾਰ ਦਾਣਾ ਮੰਡੀ ਵਿੱਚ ਪਹੁੰਚਕੇ ਦੇਖਿਆ ਕਿ ਦੋ ਵਿਅਕਤੀ ਨਸਾ ਵੇਚਣ ਦੀ ਤਾਕ ਵਿੱਚ ਮੌਜੂਦ ਸਨ ਪੁਲਿਸ ਨੇ ਦੋਨਾਂ ਵਿਅਕਤੀਆਂ ਨੂੰ ਕਾਬੂ ਕਰਕੇ ਤਲਾਸੀ ਲਈ ਤਾਂ ਉਨ੍ਹਾਂ ਪਾਸੋ ਨਸ਼ੀਲੀ ਦਵਾਈ ਦੀਆਂ ਤਿੰਨ ਸ਼ੀਸੀਆ Cipla ਕੰਪਨੀ ਦੀਆਂ ਬਰਾਮਦ ਕੀਤੀਆਂ ਪੁੱਛ ਗਿੱਛ ਦੌਰਾਨ ਪਤਾ ਲੱਗਾ ਕਿ ਇੱਕ ਵਿਅਕਤੀ ਦਾ ਨਾਮ ਸੇਵਕ ਸਿੰਘ ਉਰਫ ਅੰਬ ਪੁੱਤਰ ਕਾਕਾ ਸਿੰਘ ਹੈ ਜੋ ਆਵਾ ਬਸਤੀ ਬਰਨਾਲਾ ਦਾ ਰਹਿਣ ਵਾਲਾ ਹੈ ਅਤੇ ਦੂਜੇ ਵਿਅਕਤੀ ਨੇ ਆਪਣਾ ਨਾਮ ਜਗਜੀਤ ਸਿੰਘ ਪੁੱਤਰ ਗੁਰਚਰਨ ਸਿੰਘ ਦੱਸਿਆ ਜੋ ਕਿ ਸੰਧੂ ਪੱਤੀ ਬਰਨਾਲਾ ਦੇ ਪਟਵਾਰਖਾਨੇ ਦੇ ਨੇੜੇ ਦਾ ਵਸਨੀਕ ਹੈ। ਸੇਵਕ ਸਿੰਘ ਦੇ ਖਿਲਾਫ ਵੱਖੋ ਵੱਖ ਥਾਣਿਆਂ ਵਿੱਚ ਵੱਖ ਵੱਖ ਧਰਾਵਾਂ ਆਧੀਨ ਗਿਆਰਾਂ ਮੁਕਦਮੇ ਦਰਜ ਹਨ ਅਤੇ ਜਗਜੀਤ ਸਿੰਘ ਦੇ ਵਿਰੁੱਧ ਵੀ ਗਿਆਰਾਂ ਮੁਕਦਮੇ ਦਰਜ ਹਨ। ਉਕਤ ਦੋਵੇ ਮੁਲਜਮਾਨ ਦੇ ਖਿਲਾਫ ਐਫ.ਆਈ.ਆਰ ਨੰ:166 ਮਿਤੀ 10-4-2024 ਨਾਲ ਐਨ ਡੀ ਪੀ ਐਸ ਐਕਟ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ ਅੱਜ ਮੁਲਜਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ ਕਰਕੇ ਪੁਲਿਸ ਰਿਮਾਂਡ ਹਾਸਿਲ ਕੀਤਾ ਜਾਵੇਗਾ।

